# ਪੰਜਾਬੀ ਦਰਸ਼ਨ ਦੀ ਬੁਨਿਆਦ ਅਤੇ ਸਿਧਾਂਤਾਂ ਦੀ ਇਕ ਝਲਕ

ਪੰਜਾਬੀ ਦਰਸ਼ਨ ਜਾਂ ਫ਼ਲਸਫ਼ਾ ਪੰਜਾਬ ਦੇ ਲੋਕਾਂ ਦੇ ਸਦੀਆਂ ਦਰ ਸਦੀਆਂ ਦੇ ਸਫ਼ਰ ਦੌਰਾਨ ਹੋਂਦ ਵਿਚ ਆਇਆ ਅਤੇ ਵਿਕਸਿਤ ਹੋਇਆ ਹੈ। ਇਸ ਖ਼ਿੱਤੇ ਦੇ ਲੋਕਾਂ ਨੇ ਮੁੱਢ ਕਦੀਮਾਂ ਤੋਂ ਹੀ ਅਨੇਕਾਂ ਵੱਡੇ ਵੱਡੇ ਵਿਦਵਾਨਾਂ, ਗਿਆਨੀਆਂ ਅਤੇ ਸਿਆਣਿਆਂ ਵਿਅਕਤੀਆਂ ਨੂੰ ਪੈਦਾ ਕੀਤਾ ਜਿਨ੍ਹਾਂ ਨੇ ਕੁਦਰਤ, ਸਮਾਜ, ਰਾਜਨੀਤੀ, ਅਰਥ-ਸ਼ਾਸਤਰ, ਮਨੋਬਿਰਤੀ, ਕਲਾ ਅਤੇ ਜ਼ਿੰਦਗੀ ਦੇ ਹੋਰ ਸਾਰੇ ਪਹਿਲੂਆਂ ਬਾਰੇ ਸੋਚਿਆ ਵਿਚਾਰਿਆ ਅਤੇ ਆਪਣੇ ਵਿਚਾਰ ਵਿਕਸਿਤ ਕੀਤੇ। ਰਿਗਵੇਦ ਦੇ ਕਾਫ਼ੀ ਹਿੱਸੇ ਦੇ ਕਰਤਾ ਇਸ ਖ਼ਿੱਤੇ ਦੇ ਲੋਕ ਹੀ ਸਨ। ਰਿਗਵੇਦ ਵਿਚ ਇਹ ਖ਼ਿਆਲ ਅਤੇ ਤਸੱਵਰ ਕਿਸੇ ਹੱਦ ਤੱਕ ਇਕ ਵਿਕਸਿਤ ਰੂਪ ਵਿਚ ਮਿਲਦੇ ਹਨ ਪਰ ਇਸ ਤੋਂ ਪਹਿਲਾਂ ਵੀ ਏਸ ਖ਼ਿੱਤੇ ਵਿਚ ਦਾਰਸ਼ਨਿਕ ਜਾਂ ਫ਼ਲਸਫ਼ਾਨਾ ਵਿਚਾਰ ਵਟਾਂਦਰੇ ਹੁੰਦੇ ਰਹੇ ਹਨ। ਰਿਗਵੇਦ ਦਾ ਅਸਲ ਮਤਲਬ ਹੀ ਇਹ ਹੈ ਕਿ ਇਹਦੇ ਵਿਚ ਕੁਦਰਤ ਦੀ ਹਰ ਚੱਲ ਜਾਂ ਅਚੱਲ ਚੀਜ਼ ਦਾ ਗਿਆਨ ਹੈ।ਇਸ ਵਿਚ ਕੁਦਰਤ ਦੀਆਂ ਤਾਕਤਾਂ ਬਾਰੇ, ਸਮਾਜ ਬਾਰੇ, ਰਾਜ ਬਾਰੇ, ਗਿਆਨ ਬਾਰੇ, ਚਿਕਿਤਸਾ ਬਾਰੇ, ਬੋਲੀ ਬਾਰੇ ਅਤੇ ਹੋਰ ਵਿਸ਼ਿਆਂ ਬਾਰੇ ਸੋਚ, ਸੂਝ ਅਤੇ ਸੇਧ ਮਿਲਦੀ ਹੈ।

ਰਿਗਵੇਦ ਵਿਚ ਕਿਹਾ ਗਿਆ ਹੈਃ-

**ਦਰਸ਼ੱਨੂ ਵਿਸ਼ਵਦਰਸ਼ਤੱਮ ਦਰਸ਼ਮ ਰਥਮਾਧੀ ਕਸ਼ਮੇ। ਇਤਾ ਜੁਸ਼ੇਤ ਮਿਗਿਰੀਹਾ।**
**(ਰਿਗ ਵੇਦ ੧-੧੫-੧੮)**

"ਦਰਸ਼ਨ (ਫ਼ਲਸਫ਼ਾ) ਵਿਖਾਉਂਦਾ ਹੈ ਕਿ ਸੰਸਾਰ ਕੀ ਹੈ, ਕਿਹੋ ਜਿਹਾ ਹੈ। ਰੱਥ ਕਿਸ ਤਰ੍ਹਾਂ ਬਣਾਏ ਜਾ ਸਕਦੇ ਹਨ। ਸਾਨੂੰ ਇਸ ਦਰਸ਼ਨ ਨੂੰ ਵਰਤਣਾ ਚਾਹੀਦਾ ਹੈ।"

ਇਸ ਸ਼ਲੋਕ ਅਤੇ ਰਿਗਵੇਦ ਦੇ ਹੋਰ ਕਈ ਸ਼ਲੋਕਾਂ ਤੋ ਇਹ ਜ਼ਾਹਿਰ ਹੈ ਕਿ ਰਿਗਵੇਦ ਦੇ ਸਮੇਂ ਵਿਚ ਇਸ ਖ਼ਿੱਤੇ ਦਾ ਦਰਸ਼ਨ ਹੋਂਦ ਵਿਚ ਆ ਚੁੱਕਾ ਸੀ ਅਤੇ ਲੋਕ ਇਸ ਤੋਂ ਸੇਧ ਲੈਂਦੇ ਸੀ। ਰਿਗਵੇਦ ਤੋਂ ਇਲਾਵਾ ਉਪਨਿਸ਼ਦ, ਮਹਾਂਭਾਰਤ, ਰਮਾਇਣ, ਅਰਥ-ਸ਼ਾਸਤਰ, ਚਰਕ ਸੰਹੀਤਾ, ਸੁਸ਼ਰੁਤ ਸੰਹੀਤਾ, ਪੰਚਤੰਤਰ ਅਤੇ ਹੋਰ ਕਈ ਪ੍ਰਾਚੀਨ ਗਰੰਥ ਵੀ ਇਸ ਖ਼ਿੱਤੇ ਦੇ ਦਰਸ਼ਨ ਜਾਂ ਸੋਚਣੀ ਬਾਰੇ ਸਾਨੂੰ ਕਾਫ਼ੀ ਕੁਝ ਦੱਸਦੇ ਹਨ। ਪਾਣਿਨੀ, ਪਤੰਜਲੀ, ਭਰਤ ਮੁਨੀ, ਭਿਰਗੁ ਰਿਸ਼ੀ ਅਤੇ ਹੋਰਨਾਂ ਅਨੇਕਾਂ ਗਿਆਨੀਆਂ ਤੇ ਵਿਦਵਾਨਾਂ ਨੇ ਇਸ ਧਰਤੀ ਅਤੇ ਇਸਦੇ ਦਰਸ਼ਨ ਨੂੰ ਵਿਕਸਿਤ ਕੀਤਾ ਜਿਸ ਵਿਚ ਸੰਤਾਂ, ਸੂਫ਼ੀਆਂ, ਗੁਰੂਆਂ ਅਤੇ ਹੋਰ ਦਾਨਿਸ਼ਵਰਾਂ ਦੀ ਬਹੁਤ ਵੱਡੀ ਦੇਣ ਹੈ। ਪੰਜਾਬੀ ਦਰਸ਼ਨ ਜੋ ਪੰਜਾਬ ਦੇ ਖ਼ਿੱਤੇ ਦੇ ਲੋਕਾਂ ਦੀ ਜ਼ਿੰਦਗੀ ਦੇ ਹਜ਼ਾਰਾਂ ਵਰ੍ਹਿਆਂ ਦੇ ਸਫ਼ਰ ਦੌਰਾਨ ਜੰਮਿਆ ਅਤੇ ਜੁਆਨ ਹੋਇਆ, ਇਸਦੇ ਕੁਝ ਕੁ ਮੁੱਢਲੇ ਸਿਧਾਂਤਾਂ ਦੀ ਝਲਕ ਕੁਝ ਇਸ ਤਰ੍ਹਾਂ ਦੀ ਹੈਃ-

## ੧ਃ ਜਗਤ, ਮਾਇਆ ਜਾਂ ਸੰਸਾਰ ਅਤੇ ਕੁਦਰਤ ਦੀ ਆਪਣੀ ਹੋਂਦ ਅਤੇ ਵਜੂਦ ਹੈ।

ਜਗਤ, ਸੰਸਾਰ, ਬ੍ਰਹਿਮੰਡ ਅਤੇ ਮਾਇਆ ਦਾ ਆਪਣਾ ਵਜੂਦ ਹੈ ਅਤੇ ਇਹ ਕਿਸੇ ਇਕ ਵਿਅਕਤੀ ਉੱਤੇ ਨਿਰਭਰ ਨਹੀਂ। ਇਹਦਾ ਇਕ ਆਪਣਾ ਨਿਜ਼ਾਮ, ਕਾਨੂੰਨ ਜਾਂ ਹੁਕਮ ਹੈ ਜਿਹਦੇ ਮਤਹਿਤ ਇਹਦਾ ਸਾਰਾ ਕਾਰੋਬਾਰ ਚਲਦਾ ਹੈ। ਰਿਗਵੇਦ ਦੇ ਪਹਿਲੇ ਸੂਕਤ ਦਾ ਪਹਿਲਾ ਸ਼ਲੋਕ ਹੈ ਕਿਃ

***ਅਗਨੀਮਿਲੇ ਪੁਰੋਹੀਤਮ ਯਗਸਿਆ ਦੇਵਾਰਿਤਜਮ ਹੋਤਾਰਾਮ ਰਤਨਧਾਤਮਮ।(ਰਿਗਵੇਦ ੧-੧)`***

ਇਹਦਾ ਭਾਵ ਹੈ ਕਿ ਇਸ ਜਗਤ ਅਤੇ ਮਾਇਆ ਦਾ ਆਪਣਾ ਵਜੂਦ ਹੈ ਅਤੇ ਸਾਨੂੰ ਇਸਦਾ ਗਿਆਨ ਹਾਸਿਲ ਕਰਨਾ ਚਾਹੀਦਾ ਹੈ।

ਰਿਗਵੇਦ ਦੇ ਦਸਵੇਂ ਮੰਡਲ ਵਿਚ ਨਾਸਦੀਆ ਸੂਕਤ ਵਿਚ ਵੀ ਇਹ ਗੱਲ ਦੁਹਰਾਈ ਗਈ ਹੈ ਤੇ ਕਿਹਾ ਗਿਆ ਹੈ ਕਿ ਇਹ ਸੰਸਾਰ ਕਿਸ ਤਰ੍ਹਾਂ ਤੇ ਕਦੋਂ ਹੋਂਦ ਵਿਚ ਆਇਆ ਇਸ ਚੀਜ਼ ਦਾ ਕਿਸੇ ਨੂੰ ਵੀ ਪਤਾ ਨਹੀਂ। ਦੇਵਤਿਆਂ ਨੂੰ ਵੀ ਇਹ ਪਤਾ ਨਹੀਂ ਕਿਉਂਕਿ ਉਹ ਵੀ ਇਸ ਜਗਤ, ਕਾਇਨਾਤ ਦੇ ਬਾਅਦ ਪੈਦਾ ਹੋਏ ਹਨ।

ਸਿਕੰਦਰ ਦੇ ਹਮਲੇ ਤੋਂ ਵੀ ਪਹਿਲਾਂ ਪੰਜਾਬ ਦੇ ਇਕ ਵਿਦਵਾਨ ਜਿਹਦਾ ਨਾਮ ਕਲਹਨ ਸੀ, ਉਹਨੇ ਯੂਨਾਨ ਦੇ ਵਿਦਵਾਨਾਂ ਨਾਲ ਹੋਏ ਆਪਣੇ ਇਕ ਵਿਚਾਰ ਵਟਾਂਦਰੇ ਵਿਚ ਕਿਹਾ ਸੀ ਕਿ ਯੂਨਾਨੀਆਂ ਨੂੰ ਕੁਦਰਤ ਵੱਲ ਤਵੱਜੋ ਦੇਣੀ ਚਾਹੀਦੀ ਹੈ ਅਤੇ ਇਸਤੋਂ ਸਿੱਖਣਾ ਚਾਹੀਦਾ ਹੈ। ਪਲੀਨੀ ਦੱਸਦਾ ਹੈ ਕਿ ਸਿਕੰਦਰ ਨੇ ਪੰਜਾਬ ਦੇ ਕਈ ਵਿਦਵਾਨਾਂ ਅਤੇ ਦਾਨਿਸ਼ਵਰਾਂ ਨਾਲ ਕੁਦਰਤ ਬਾਰੇ, ਦੁਨੀਆ ਬਾਰੇ ਅਤੇ ਕਾਇਨਾਤ ਬਾਰੇ ਵਿਚਾਰ ਵਟਾਂਦਰਾ ਕੀਤਾ ਸੀ।

ਸੰਸਾਰ ਨੂੰ ਕਰਮ ਅਤੇ ਧਰਮ ਦਾ ਖੇਤਰ ਕਿਹਾ ਗਿਆ ਹੈ। ਇਕ ਖ਼ਿਆਲ ਇਹ ਭੀ ਵਿਕਸਤ ਹੋਇਆ ਕਿ ਇਨਸਾਨ ਕਈ ਜੂਨਾਂ ਦਾ ਸਫ਼ਰ ਕਰਕੇ, ਇਕ ਵਿਕਾਸ ਰਾਹੀਂ ਮਾਨਸ ਜੂਨ ਪ੍ਰਾਪਤ ਕਰਦਾ ਹੈ ਅਤੇ ਇਸ ਦੁਨੀਆ ਵਿਚ ਆਉਂਦਾ ਹੈ ਅਤੇ ਇਸ ਮਾਇਆ ਅਤੇ ਦੁਨੀਆ ਦਾ ਹਿੱਸਾ ਹੈ। ਇਸੇ ਕਰਕੇ ਕਿਹਾ ਗਿਆ ਹੈਃ

***ਮਾਨਸ ਜਨਮ ਦੁਰਲਭ ਹੈ ਹੋਤ ਨਾ ਬਾਰੰਬਾਰ***

ਇਹ ਸੰਸਾਰ ਅਤੇ ਦੁਨੀਆ ਸਾਡੀ ਕਰਮਭੂਮੀ ਹੈ ਅਤੇ ਸਾਡੀ ਰੰਗ-ਭੂਮੀ ਵੀ ਹੈ।

ਬੁੱਲ੍ਹੇ ਸ਼ਾਹ ਹੋਰੀਂ ਕਹਿੰਦੇ ਹਨ:-

*`ਕੁੰਨ ਕਿਹਾ ਫਅਕੁਨ ਕਹਾਇਆ, ਬੇ-ਚੁਨੀ ਦਾ ਚੂਨ ਬਨਾਇਆ*
*ਖ਼ਾਤਰ ਤੇਰੀ ਜਗਤ ਬਣਾਇਆ, ਸਿਰ ਪਰ ਛਤਰ ਲੌਲਾਕੀ ਦਾ`*

ਖ਼ਵਾਜਾ ਗ਼ੁਲਾਮ ਫ਼ਰੀਦ ਦੱਸਦੇ ਹਨ:-

*`ਹਰ ਸੂਰਤ ਵਿਚ ਦੀਦਾਰ ਡਿਠਮ, ਕੁਲ ਯਾਰ ਅਗਿਯਾਰ ਨੂੰ ਯਾਰ ਡਿਠਮ।`*

ਇਕ ਲੋਕ ਗੀਤ ਕਹਿੰਦਾ ਹੈ:

*ਪਿੱਪਲ ਗਾਵੇ, ਬੋਹੜ ਗਾਵੇ, ਗਾਵੇ ਹਰਿਆਲਾ ਤੂਤ*
*ਖੜ ਕੇ ਸੁਣ ਰਾਹੀਆ, ਤੇਰੀ ਰੂਹ ਹੋ ਜੁਗੀ ਸੂਤ*

## ੨: ਕਾਇਨਾਤ, ਜਗਤ, ਸੰਸਾਰ ਅਤੇ ਮਾਇਆ ਬਦਲਣਹਾਰ ਹੈ।

ਇਸ ਖਿੱਤੇ ਦੇ ਲੋਕਾਂ ਦੀ ਸੋਚ ਤੇ ਫ਼ਲਸਫ਼ਾ ਦੱਸਦਾ ਹੈ ਕਿ ਦੁਨੀਆ ਦੀ ਹਰ ਸ਼ੈਅ, ਹਰ ਚੀਜ਼ ਹੋਂਦ ਵਿਚ ਆਉਂਦੀ ਹੈ ਅਤੇ ਆਪਣਾ ਜਲਵਾ ਦਿਖਾ ਕੇ ਖ਼ਤਮ ਹੋ ਜਾਂਦੀ ਹੈ। ਕੋਈ ਭੀ ਸ਼ੈਅ ਹਮੇਸ਼ਾ ਲਈ ਨਹੀਂ ਰਹਿੰਦੀ। ਹਰ ਸ਼ੈਅ ਆਪਣੇ ਆਪ ਹੋਂਦ ਵਿਚ ਆਉਂਦੀ ਹੈ ਅਤੇ ਆਪਣਾ ਰੂਪ ਅਤੇ ਆਪਣੇ ਗੁਣ ਵਿਖਾ ਕੇ ਖੁਰ ਜਾਂਦੀ ਹੈ, ਖ਼ਤਮ ਹੋ ਜਾਂਦੀ ਹੈ। ਹਰ ਚੀਜ਼ ਗਤੀਮਾਨ ਹੈ ਅਤੇ ਤੁਰਦਿਆਂ ਤੁਰਦਿਆਂ ਦਰਸ਼ਨ ਦਿੰਦੀ ਹੈ। ਹਰ ਚੀਜ਼ ਆਪਣੀ ਚਾਲ, ਵਿਕਾਸ, ਤਬਦੀਲੀ ਅਤੇ ਸਫ਼ਰ ਵਿਖਾਲਦੀ ਹੈ। ਦੁਨੀਆ ਕਦੇ ਨਹੀਂ ਰੁਕੀ ਅਤੇ ਨਾ ਹੀ ਰੁਕੇਗੀ। ਜਗਤ ਲਫਜ਼ ਦਾ ਮਤਲਬ ਹੀ ਹੈ ਕਿ ਜੋ ਗਤੀਸ਼ੀਲ ਹੈ। ਪ੍ਰਕ੍ਰਿਤੀ ਦਾ ਮਤਲਬ ਵੀ ਇਹੋ ਹੈ ਕਿ ਜੋ ਹਮੇਸ਼ਾ ਕਿਰਿਆਸ਼ੀਲ ਹੈ।

ਵਾਰਸ ਸ਼ਾਹ ਲਿਖਦੇ ਹਨ:-

**`ਕਈ ਬੋਲ ਗਏ ਸ਼ਾਖ਼ ਉਮਰ ਦੀ ਤੇ ਐਥੇ ਆਲ੍ਹਣਾ ਕਿਸੇ ਨਾ ਪਾਇਆ ਈ।**
**ਕਈ ਹੁਕਮ ਤੇ ਜ਼ੁਲਮ ਕਮਾ ਚਲੇ ਨਾਲ ਕਿਸੇ ਨਾ ਸਾਥ ਨਿਭਾਇਆ ਈ।`**

**`ਜੋ ਉਪਜੇ ਸੋ ਬਿੰਸ`** ਪੰਜਾਬੀਆਂ ਦੇ ਵਿਰਸੇ ਅਤੇ ਦਰਸ਼ਨ ਦਾ ਇਕ ਬਹੁਤ ਹੀ ਅਹਿਮ ਨਿਚੋੜ ਹੈ।
ਬਾਬਾ ਫ਼ਰੀਦ ਭੀ ਇਹੋ ਕਹਿੰਦਾ ਹੈ---

**`ਕੀ ਗੁਮਾਨ ਜਿੰਦੁ ਨੀ**
**ਆਖ਼ਰ ਮਾਟੀ ਸਿਉਂ ਰਲਿ ਜਾਣਾ**
**ਸਰਪਰਿ ਦੁਨਿਆ ਜਾਣਾ ਆਖ਼ਰ**
**ਮਾਟੀ ਸਿਉਂ ਰਲਿ ਜਾਣਾ`**

ਸ਼ਾਹ ਹੁਸੈਨ ਵੀ ਯਾਦ ਕਰਾਉਂਦਾ ਹੈ--

**`ਕਿਥੇ ਨੀ ਤੇਰੇ ਤੁਰਕੀ ਤਾਜੀ**
**ਸਾਂਈਂ ਬਿਨ ਸਭ ਕੂੜੀ ਬਾਜ਼ੀ**
**ਕਿਥੇ ਨੀ ਤੇਰਾ ਸੁਇਨਾ ਰੁਪਾ**
**ਹੋਇ ਖਾਕ ਸੁਆਹਿ`**

ਬਾਬਾ ਨਾਨਕ ਹੋਰੀਂ ਦੱਸਦੇ ਹਨ:-

**`ਰਾਜੇ ਰਯਿਤ ਸਿਕਦਾਰ ਕੋਈ ਨਾਂ ਰਹਿਸੁ**
**ਹਟ ਪਟਣ ਬਾਜਾਰ ਹੁਕਮੀ ਢਹਿਸੁ**
**ਪੱਕੇ ਬੰਕ ਦੁਆਰ ਮੂਰਖ ਜਾਣੇ**
**ਆਪਣੇ ਦਰਬ ਭਰੇ ਭੰਡਾਰ ਰੀਤੇ ਇਕ ਖਾਣੇ`**

ਬੁੱਲ੍ਹੇ ਸ਼ਾਹ ਜੀ ਕਹਿੰਦੇ ਹਨ:

**`ਕਿੱਥੇ ਹੈ ਸੁਲਤਾਨ ਸਿਕੰਦਰ, ਮੌਤ ਨਾਂ ਛੱਡੇ ਪੀਰ ਪੈਗੰਬਰ**
**ਸੱਭੇ ਛੱਡ ਛੱਡ ਗਏ ਅਡੰਬਰ, ਕੋਈ ਏਥੇ ਪਾਏਦਾਰ ਨਹੀਂ।`**

## ੩: ਆਵਾਗਵਨ ਕੁਦਰਤ ਦੇ ਨੇਮ, ਰਿਤਮ ਜਾਂ ਹੁਕਮ ਦੇ ਅੰਦਰ ਹੈ।

ਸੰਸਾਰ ਅਤੇ ਕੁਦਰਤ ਦੀ ਹਰਕਤ ਦਾ ਕਾਨੂੰਨ ਹੈ ਆਵਾਗਮਨ ਜਿਹਦੇ ਮਤਹਿਤ ਉਮਰ ਭੋਗ ਚੁੱਕੀਆਂ ਚੀਜ਼ਾਂ, ਅਦਾਰੇ ਅਤੇ ਪ੍ਰਾਪਤੀਆਂ ਖ਼ਤਮ ਹੁੰਦੀਆਂ ਰਹਿੰਦੀਆਂ ਹਨ ਅਤੇ ਇਨ੍ਹਾਂ ਦੀ ਥਾਂ ਹਰ ਨਵੇਂ ਪੜਾਅ ਉੱਤੇ ਸਮੇਂ ਦੇ ਹਾਣ ਦੀਆਂ ਨਵੀਂਆਂ ਚੀਜ਼ਾਂ, ਨਵੇਂ ਅਦਾਰੇ, ਅਤੇ ਨਵੇਂ ਰਿਸ਼ਤੇ ਹੋਂਦ ਵਿਚ ਆਉਂਦੇ ਰਹਿੰਦੇ ਹਨ। ਨਵੇਂ ਖਿਆਲ ਪੈਦਾ ਹੁੰਦੇ ਰਹਿੰਦੇ ਹਨ। ਨਵੇਂ ਰਾਹ ਖੁੱਲ੍ਹਦੇ ਰਹਿੰਦੇ ਹਨ।

ਇਹ ਕਾਨੂੰਨ ਜਿਸ ਨੂੰ ਰਿਗਵੇਦ ਵਿਚ *ਰਿਤਮ* ਕਿਹਾ ਗਿਆ ਹੈ, ਇਕ ਬ੍ਰਹਿਮੰਡੀ ਅਸੂਲ ਹੈ ਤੇ ਇਸਦੇ ਅਨੁਸਾਰ ਹੀ ਸਾਰਾ ਆਵਾਗਮਨ (ਹਰੇਕ ਸ਼ੈਅ ਦਾ ਹੋਂਦ ਵਿਚ ਆਉਣਾ ਤੇ ਚਲੇ ਜਾਣਾ), ਗਤੀ-ਅਗਤੀ ਅਤੇ ਮਾਇਆ (ਕੁਦਰਤ ਅਤੇ ਸਮਾਜ ਦਾ ਸਾਰਾ ਕਾਰੋਬਾਰ) ਚਲਦਾ ਹੈ। *ਰਿਤਮ* ਹੋਂਦ ਦਾ ਵਜੂਦ ਵੀ ਹੈ ਤੇ ਹੋਂਦ ਦਾ ਅਮਲ ਵੀ, ਅਤੇ ਇਹਦੇ ਅਨੁਸਾਰ ਹੀ ਮਾਇਆ ਦਾ, ਕੁਦਰਤ ਦਾ ਸਾਰਾ ਕਾਰੋਬਾਰ ਚਲਦਾ ਹੈ। *ਰਿਤਮ* ਦੱਸਦਾ ਹੈ ਕਿ ਸਾਰੀਆਂ ਸ਼ੈਆਂ ਤੇ ਵਾਕਿਆਤ ਆਪਣਾ ਅਸਲਾ ਜ਼ਾਹਰ ਕਰਦੇ ਹਨ, ਆਪਣਾ ਰੰਗ-ਰੂਪ ਅਤੇ ਸੁਭਾਅ ਬਦਲਦੇ ਰਹਿੰਦੇ ਹਨ, ਹੋਂਦ ਵਿਚ ਆਉਂਦੇ ਹਨ ਅਤੇ ਆਪਣੇ ਵਜੂਦ ਦੀ ਛਾਪ ਛੱਡਦੇ ਹੋਏ ਗੁਜ਼ਰ ਜਾਂਦੇ ਹਨ।

*ਰਿਗ ਵੇਦ ਅਨੁਸਾਰ:-*

***`ਮਾਹੀ ਮਿਤਰਾਸਿਆ ਸਾਧਾਬਸਤਾਰਾਂਤਾ ਪਿਪਰਾਤੀ ਰਿਤਮ। ਪਾਰੀਯਾਗਿਅਮ ਨੀ ਸ਼ੇਦਾਤੂ।`***

ਧਰਤੀ ਤੇ ਸੂਰਜ, ***ਰਿਤਮ*** ਦੇ ਅਨੁਸਾਰ ਆਪਣਾ ਕਾਰੋਬਾਰ ਕਿਵੇਂ ਕਰੀ ਜਾ ਰਹੇ ਹਨ, ਇਸ ਰਾਜ਼ ਦਾ ਪਤਾ ਕਰ ਅਤੇ ਆਪਣੀ ਸੰਤੁਸ਼ਟੀ ਲਈ ਕਰਮ ਕਰ।

ਇਹ ***ਰਿਤਮ*** ਹੀ ਇਕ ਵੇਲੇ ਧਰਮ ਬਣ ਗਿਆ। ਉਪਨਿਸ਼ਦ ਵਿਚ ਕਿਹਾ ਗਿਆ ਹੈ :

**ਧਰਮੋਂ ਧਾਰਯਤੀ**

ਭਾਵ ਕਿ ਧਰਮ ਦੇ ਅਸੂਲ ਨਾਲ ਹੀ ਹਰ ਚੀਜ਼ ਆਪਣੇ ਆਵਾਗਵਣ ਵਿਚ ਕਾਇਮ ਰਹਿੰਦੀ ਹੈ ਤੇ ਚਲਦੀ ਹੈ।

ਹਰ ਸ਼ੈਅ ਅਤੇ ਚੀਜ਼ ਦਾ ਆਪਣਾ ਗੁਣ ਅਤੇ ਖਾਸੀਅਤ ਹੈ। ਮਿਸਾਲ ਦੇ ਤੌਰ ਤੇ ਅੱਗ ਦਾ ਧਰਮ ਬਲਣਾ ਹੈ, ਪਾਣੀ ਦਾ ਧਰਮ ਵਗਣਾ ਹੈ। ਇਸ ਅਸੂਲ ਨੂੰ ਹੀ ਅੱਗੇ ਜਾ ਕੇ ਹੁਕਮ ਕਿਹਾ ਗਿਆ।

ਬਾਬਾ ਨਾਨਕ ਕਹਿੰਦੇ ਹਨ:-

***ਖਾਣੀ ਬਾਣੀ ਤੁਝਹਿ ਸਮਾਣੀ।। ਜੋ ਦੀਸੈ ਸਭ ਆਣੀ ਜਾਣੀ।।***
ਅਤੇ
***ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ।।***
***ਨਾਨਕ ਹੁਕਮੈ ਜੇ ਬੁਝੈ ਤਾਂ ਹਉਮੈਂ ਕਹੈ ਨ ਕੋਇ।।`***

## ੪: ਕਾਇਨਾਤ ਅਤੇ ਜਗਤ ਦਾ ਅਧਿਐਨ, ਇਲਮ ਅਤੇ ਅਮਲ

ਇਨਸਾਨ ਨੂੰ ਇਸ ਕਾਇਨਾਤ ਦੇ ਨੇਮ ਅਤੇ ਰਿਤਮ ਜਾਂ ਹੁਕਮ ਦਾ ਗਿਆਨ ਹਾਸਿਲ ਕਰਨਾ ਚਾਹੀਦਾ ਹੈ ਅਤੇ ਕੁਦਰਤ ਦੇ ਭੇਦਾਂ ਦਾ ਇਲਮ ਹਾਸਲ ਕਰਨਾ ਅਸੰਭਵ ਗੱਲ ਨਹੀਂ। ਕੁਦਰਤ ਦੇ ਕਾਨੂੰਨਾਂ ਦਾ ਰਾਜ਼ ਲੱਭ ਲੱਭ ਕੇ ਹੀ ਇਨਸਾਨ ਅਤੇ ਸਮਾਜ ਸੁਖੀ ਰਹਿ ਸਕਦੇ ਹਨ ਅਤੇ ਤਰੱਕੀ ਕਰ ਸਕਦੇ ਹਨ।

**`ਵੇਦਾ ਯੋ ਵੀਨਾਮ ਪਦਮਅੰਤਰਿਕਸ਼ਨ ਪਤਤਮ। ਤੇਦਾ ਨਾਵਾਹ ਸਮੁਦ੍ਰੀਆਹ।`**
**(ਰਿਗ ਵੇਦ ੧-੨੫-੭)**

ਭਾਵ ਇਹ ਹੈ ਕਿ ਗਿਆਨ ਦੇ ਆਸਰੇ ਹੀ ਇਹੋ ਜਿਹੇ ਜਹਾਜ਼ ਬਣਾਏ ਜਾ ਸਕਦੇ ਹਨ ਜੋ ਸਮੁੰਦਰਾਂ ਅਤੇ ਪੁਲਾੜਾਂ ਵਿਚ ਚਲ ਸਕਣ।

ਗਿਆਨ ਅਤੇ ਜਹਾਨ ਦਾ ਇਕ ਦੂਸਰੇ ਨਾਲ ਬੜਾ ਨੇੜੇ ਦਾ ਸਬੰਧ ਹੈ। ਗਿਆਨ ਹੀ ਜਹਾਨ ਦੀ ਅਸਲੀਅਤ ਨੂੰ ਉਜਾਗਰ ਕਰਦਾ ਹੈ, ਇਸ ਉੱਤੇ ਰੌਸ਼ਨੀ ਪਾਉਂਦਾ ਹੈ। ਗਿਆਨ ਦੀ ਅਹਿਮੀਅਤ ਵਾਰੇ ਰਿਗ ਵੇਦ ਕਹਿੰਦਾ ਹੈ

***ਵੇਦ ਵਾਤੱਸਿਆ ਵਰਤਨਿਮੁਰੋਰ ਰਿਸ਼ਵਸਿਆ ਬ੍ਰਿਹਤਾਹ।ਵੇਦਾ ਯੇ ਅਧਿਆਸਤੇ।।***
***(ਰਿਗ ਵੇਦ ੧-੨੫-੯)***

ਹਵਾ, ਜੋ ਹਰੇਕ ਥਾਂ ਮੌਜੂਦ ਹੈ, ਬੇਹੱਦ ਸ਼ਕਤੀਸ਼ਾਲੀ ਤਾਕਤ ਹੈ, ਅਤੇ ਇਹਦੀਆਂ ਬੜੀਆਂ ਸਿਫ਼ਤਾਂ ਹਨ, ਇਸ ਬਾਰੇ ਗਿਆਨ ਹਾਸਲ ਹੋ ਜਾਵੇ ਤਾਂ ਜ਼ਮੀਨ ਅਤੇ ਅਸਮਾਨ ਬਾਰੇ ਬਹੁਤ ਸਾਰੀ ਜਾਣਕਾਰੀ ਹਾਸਲ ਕੀਤੀ ਜਾ ਸਕਦੀ ਹੈ ਅਤੇ---

***ਅਤੋ ਵਿਸ਼ਵਾਨਿਆਦਭੁਤਾ ਚਿਕਿਤਵਾ ਅਭਿ ਪਸ਼ਿਅਤੀ। ਕਰਿਤਾਨੀ ਯਾ ਚ ਕਰਤਵਾ।।(ਰਿਗ ਵੇਦ ੧-੨੫-੧੧)***

ਗਿਆਨ ਸੰਸਾਰ ਅਤੇ ਇਸਦੇ ਤੱਤਾਂ ਦਾ ਭੇਤ ਦੱਸਦਾ ਹੈ। ਇਹ ਦੱਸਦਾ ਹੈ ਕਿ ਕੀ ਪ੍ਰਾਪਤ ਕਰ ਲਿਆ ਗਿਆ ਹੈ ਤੇ ਕੀ ਪ੍ਰਾਪਤ ਕਰਨ ਦੀ ਲੋੜ ਹੈ।

ਗਿਆਨ ਬੰਦੇ ਨੂੰ ਹਨੇਰੇ ਤੋਂ ਚਾਨਣ ਵੱਲ ਲਿਜਾਂਦਾ ਹੈ। ਇਸੇ ਕਰਕੇ ਉਪਨਿਸ਼ਦ ਵੀ ਕਹਿੰਦਾ ਹੈਃ

**ਤਮਸੋਮਿਯਾ ਜੋਤਿਰਗਮਿਏ**

ਅਸੀਂ ਹਨੇਰੇ ਵਿਚੋਂ ਚਾਨਣ ਵਲ ਜਾਈਏ।

ਮੀਆਂ ਮੁਹੰਮਦ ਬਖ਼ਸ਼ ਵੀ ਕਹਿੰਦੇ ਹਨਃ

**ਲਾਹ ਅਨ੍ਹੇਰਾ ਜਿਹਲ ਬੁਰੇ ਦਾ ਚਾਨਣ ਲਾ ਅਕਲ ਦਾ**

ਗਿਆਨ ਦੇ ਸਹੀ ਜਾਂ ਗਲਤ ਹੋਣ ਦੀ ਤਸਦੀਕ ਇਹਦੇ ਉੱਤੇ ਅਮਲ ਕਰਨ ਨਾਲ ਹੀ ਹੋ ਸਕਦੀ ਹੈ।

ਪਤੰਜਲੀ ਅਤੇ ਹੋਰ ਜੋਗੀ ਜੋਗ ਦੀ ਸਚਾਈ ਦੀ ਪਰਖ ਅਮਲ ਹੀ ਦੱਸਦੇ ਹਨ ਅਤੇ ਇਹਨੂੰ ਪਰਖਣ ਦਾ ਤਰੀਕਾ ਵੀ ਦੱਸਦੇ ਹਨ। ਯੋਗਾਸੂਤਰ ਦੀ ਸ਼ੁਰੂਆਤ ਵਿਚ ਹੀ ਅਮਲ ਬਾਰੇ ਗੱਲ ਹੁੰਦੀ ਹੈਃ

**ਅਥ ਯੋਗਾਨੁਸ਼ਾਸਨਮ**
ਭਾਵ ਹੁਣ ਯੋਗ ਦਾ ਤਰੀਕਾ ਦੱਸਿਆ ਜਾਏਗਾ।

ਬਾਬਾ ਨਾਨਕ ਕਹਿੰਦੇ ਹਨਃ

***-ਸਭਨਾ ਕਾ ਦਰਿ ਲੇਖਾ ਹੋਇ।। ਕਰਣੀ ਬਾਝਹੁ ਤਰੈ ਨ ਕੋਇ।।***

ਵਾਰਸ ਸ਼ਾਹ ਹੋਰੀਂ ਫ਼ਰਮਾਉਂਦੇ ਹਨਃ

***ਪੜ੍ਹਨ ਇਲਮ ਤੇ ਅਮਲ ਨਾ ਕਰਨ ਜੇਹੜੇ ਵਾਂਗ ਢੋਲ ਦੇ ਬੋਲ ਜੋ ਸੱਖਣਾ ਐਂ***

ਗਿਆਨ ਬਹੁਤ ਹੀ ਤਾਕਤਵਰ ਹੈ। ਬੰਦੇ ਨੂੰ ਗਿਆਨ ਜਾਂ ਇਲਮ ਹਾਸਲ ਕੀਤਿਆਂ ਹੀ ਪਤਾ ਲਗਦਾ ਹੈ ਕਿ ਕੁਦਰਤ ਦੀ ਹਰ ਸ਼ੈਅ ਦੀ ਵਜ੍ਹਾ ਕੀ ਹੈ, ਬੇਸ਼ੱਕ ਇਹ ਜਾਣਕਾਰੀ ਕਦੇ ਵੀ ਮੁਕੰਮਲ ਨਹੀਂ ਹੁੰਦੀ ਤੇ ਸਮੇਂ ਦੇ ਨਾਲ ਇਸ ਵਿਚ ਵਾਧਾ ਹੁੰਦਾ ਰਹਿੰਦਾ ਹੈ।ਨਵੇਂ ਹਾਲਾਤ ਵਿਚ ਨਵੀਂ ਜਾਣਕਾਰੀ ਅਤੇ ਗਿਆਨ ਮਿਲਦਾ ਹੈ। ਇਕ ਸਮੇਂ ਦਾ ਹਾਸਿਲ ਕੀਤਾ ਹੋਇਆ ਗਿਆਨ ਪੁਰਾਣਾ ਹੋ ਜਾਂਦਾ ਹੈ। ਨਵੇਂ ਹਾਲਾਤਾਂ ਵਿਚ ਨਵਾਂ ਗਿਆਨ ਹਾਸਲ ਕਰਨ ਲਈ ਦੀ ਸਦੀਆਂ ਤੋਂ ਚਲੀ ਆਉਂਦੀ ਸਿਖਣ ਦੀ ਰੀਤ ਤੋਂ ਸੇਧ ਲੈ ਕੇ ਨਵਾਂ ਗਿਆਨ ਨਵੇਂ ਸਿਰੇ ਤੋਂ ਹਾਸਿਲ ਕਰਨਾ ਪੈਂਦਾ ਹੈ। ਕਿਉਂਕਿ ਕੁਦਰਤ ਅਤੇ ਕਾਇਨਾਤ ਬਦਲਦੀ ਰਹਿੰਦੀ ਹੈ ਤੇ ਇਹਦੇ ਬਾਰੇ ਗਿਆਨ ਵੀ ਵਧਦਾ ਰਹਿੰਦਾ ਹੈ। ਬਾਬਾ ਨਾਨਕ ਕਹਿੰਦੇ ਹਨਃ-
***ਕੁਦਰਤਿ ਕਵਣ ਕਹਾ ਵਿਚਾਰੁ, ਵਾਰਿਆ ਨ ਜਾਵਾ ਏਕ ਵਾਰ***
ਹਾਲਾਤ ਬਦਲਨ ਨਾਲ ਪੁਰਾਣੇ ਸੰਕਲਪ ਅਤੇ ਤਸੱਵਰ ਵੀ ਬਦਲਦੇ ਰਹਿੰਦੇ ਹਨ ਅਤੇ ਨਵੇਂ ਸੰਕਲਪ ਅਤੇ ਤਸੱਵਰ ਹੋਂਦ ਵਿਚ ਆਉਂਦੇ ਹਨ ਜਿਨ੍ਹਾਂ ਨਾਲ ਕੁਦਰਤ ਅਤੇ ਮਾਇਆ ਦਾ ਇਲਮ ਵਧਦਾ ਹੈ।

ਬੁੱਲ੍ਹੇ ਸ਼ਾਹ ਕਹਿੰਦੇ ਹਨਃ

**ਨੀਂ ਮੇਰੀ ਬੁੱਕਲ ਦੇ ਵਿਚ ਚੋਰ**
**ਕਿਤੇ ਰਾਮ ਦਾਸ ਕਿਤੇ ਫਤੇਹ ਮੁਹੰਮਦ**
**ਇਹੋ ਕਦੀਮੀ ਸ਼ੋਰ**
**ਮੁੱਕ ਗਿਆ ਦੋਹਾਂ ਦਾ ਝਗੜਾ**

**ਨਿਕਲਿਆ ਕੋਈ ਹੋਰ**

ਗਿਆਨ ਦੀ ਸ਼ੁਰੂਆਤ ਤਾਂ ਅਗਿਆਨਤਾ ਤੋਂ ਹੀ  ਹੁੰਦੀ ਹੈ। ਅਗਿਆਨਤਾ ਨੂੰ ਦੂਰ ਕਰਕੇ ਗਿਆਨ ਹਾਸਲ ਹੁੰਦਾ ਹੈ।
ਇਹ ਪਤਾ ਕਰਨਾ ਲਾਜ਼ਮੀ ਹੈ ਕਿ ਕੁਦਰਤ, ਚੀਜ਼ਾਂ, ਅਤੇ ਸ਼ੈਆਂ ਕਿਵੇਂ ਕੰਮ ਕਰਦੀਆਂ ਹਨ। ਇਨ੍ਹਾਂ ਗੱਲਾਂ ਦਾ ਗਿਆਨ ਹਾਸਲ ਕਰਕੇ ਹੀ ਸਮਾਜ ਆਜ਼ਾਦ ਹੁੰਦਾ ਹੈ ਤੇ ਸਮੇਂ ਦੇ ਹਾਲਾਤ ਦੇ ਅਨੁਸਾਰ ਸਮਾਜਿਕ ਮਸਲਿਆਂ ਦੇ  ਹੱਲ ਲੱਭਣ ਵਿਚ ਕਾਮਯਾਬੀ ਹਾਸਲ ਕਰਦਾ ਹੈ।

***ਵਾਯੋ ਤਵ ਪ੍ਰਪੰਚਰੀਤੀ ਧੇਨਾ ਜਿਗਾਤੀ ਦਾਸ਼ੁਸ਼ੇ। ਉਰੁਚੀ ਸੋਮਪੀਤਵੇ।।(ਰਿਗ ਵੇਦ ੧-੨-੩)***

ਸਾਨੂੰ ਹਰ ਰੋਜ਼ ਸਿੱਖਦੇ ਰਹਿਣਾ ਚਾਹੀਦਾ ਹੈ ਅਤੇ ਗਿਆਨ ਦਾ ਮਧੁਰ ਰਸ ਪੀ ਪੀ ਕੇ ਆਪਣੀ ਸਿਆਣਪ ਵਿਚ ਵਾਧਾ ਕਰਦੇ ਜਾਣਾ ਚਾਹੀਦਾ ਹੈ।

ਅਕਲ, ਇਲਮ, ਜ਼ਬਤ ਅਤੇ ਧੀਰਜ ਦੀ ਅਹਿਮੀਅਤ ਦੱਸਦੇ ਹੋਏ ਗੁਰੂ ਨਾਨਕ ਕਹਿੰਦੇ ਹਨਃ

***ਜਤੁ ਪਹਾਰਾ ਧੀਰਜੁ ਸੁਨਿਆਰ ਆਹਰਣਿ ਮਤਿ ਵੇਦੁ ਹਥੀਆਰੁ***

ਬੁੱਲ੍ਹੇ ਸ਼ਾਹ ਹੋਰੀਂ ਕਹਿੰਦੇ ਹਨ ਕਿ ਜਦੋਂ ਆਪਣਾ ਅਤੇ ਕੁਦਰਤ ਦਾ ਰਾਜ਼ ਜਾਣ ਲਈਏ ਤਾਂ ਸੁੱਖ ਮਿਲਦਾ ਹੈ

***ਜਿਸ ਪਾਇਆ ਭੇਤ ਕਲੰਦਰ ਦਾ, ਰਾਹ ਖੋਜਿਆ ਆਪਣੇ ਅੰਦਰ ਦਾ***
***ਉਹ ਵਾਸੀ ਹੈ ਸੁਖ ਮੰਦਰ ਦਾ, ਜਿੱਥੇ ਕੋਈ ਨਾਂ ਚੜ੍ਹਦੀ ਲਹਿੰਦੀ ਹੈ।***

## ੫ਃ ਕੁਦਰਤ ਅਤੇ ਉਤਪਤੀ ਦਾ ਸਿਧਾਂਤ

ਇਸ ਕੁਦਰਤ ਅੰਦਰਲੀ ਹਰ ਸ਼ੈਅ ਦਾ ਇਕੋ ਹੀ ਸੋਮਾ ਹੈ ਅਤੇ ਹਰ ਚੀਜ਼ ਉਸੇ ਤੋਂ ਪੈਦਾ ਹੋਈ ਹੈ। ਹਰ ਜੀਆ ਜੰਤ, ਜੜ੍ਹ ਅਤੇ ਚੇਤਨ ਇਕੋ ਹੀ ਮਿਟੀ ਦੇ ਬਣੇ ਹੋਏ ਹਨ।

**ਇਕੋ ਸਤਮ ਵਿਪਰਾ ਬਹੁਦਾ ਵਦੰਤੀ (ਰਿਗਵੇਦ)**

ਬਾਬਾ ਨਾਨਕ ਵੀ ਕਹਿੰਦੇ ਹਨਃ-

***ਓੜਕ ਓੜਕ ਭਾਲਿ ਥੱਕਿ ਵੇਦ ਕਹਨਿ ਇਕ ਵਾਤ।।***
***ਸਹਸ ਅਠਾਰਹ ਕਹਨਿ ਕਤੇਬਾ ਅਸੁਲੁ ਇਕੋ ਧਾਤੁ।।***

*ਅਤੇ*

***ਹਰ ਨੇ ਰਹ ਮੈਂ ਧੂੰਮ ਮਚਾਈ ਵਾਪਿਸ ਜਗ ਮੈਂ ਆਨ ਸਮਾਈ***
***ਬਹੁਤ ਹੀ ਹਮ ਨੇ ਕਿਆ ਭੁਲੇਖਾ ਤਿਹਾਰ ਕੇ ਅੰਤ ਕਾ ਕਿਆ ਨਾ ਲੇਖਾ***

ਬੁੱਲ੍ਹੇ ਸ਼ਾਹ ਫ਼ਰਮਾਉਂਦੇ ਹਨਃ

**ਨੇਯਤਿ ਨੇਯਤਿ ਕਰ ਵੇਦ ਪੁਕਾਰਦੇ ਨੇ**
**ਨਹੀਂ ਕੋਈ ਦੂਸਰਾ ਏਸ ਦੇ ਤੁਲ ਦਾ ਏ**

ਅਤੇ

**ਮਾਟੀ ਕੁਦਮ ਕਰੇਂਦੀ ਯਾਰ**
**ਮਾਟੀ ਜੋੜਾ ਮਾਟੀ ਘੋੜਾ ਮਾਟੀ ਦਾ ਅਸਵਾਰ**
**ਮਾਟੀ ਮਾਟੀ ਨੂੰ ਦੌੜਾਏ ਮਾਟੀ ਦਾ ਖੜਕਾਰ**

ਗੁਰੂ ਗੋਬਿੰਦ ਸਿੰਘ ਕਹਿੰਦੇ ਹਨਃ

**ਜੈਸੇ ਇਕ ਆਗ ਤੇ ਕਨੁਕਾ ਕੋਟੀ ਆਗ ਉੱਠੇ**
**ਨਿਆਰੇ ਨਿਆਰੇ ਹੋਵਕੇ ਫਿਰ ਆਗ ਮੇਂ ਮਿਲਾਂਹੈ**
**ਜੈਸੇ ਇਕ ਧੁਰੀ ਸੇ ਅਨੇਕ ਧੁਰੀ ਪੁਰਿਤ ਹੈ**

**ਧੁਰੀ ਕੇ ਕਨੁਕਾ ਫਿਰ ਹੀ ਧੁਰੀ ਮੇਂ ਸਮਾਂਇਗੇ**
**ਜੈਸੇ ਇਕ ਨਾਦ ਸੇ ਤਰੰਗ ਕੋਟੀ ਉਪਜਤ ਹੈ**
**ਪਾਣੀ ਕੇ ਤਰੰਗ ਸਬ ਪਾਣੀ ਹੀ ਕਹਾਇੰਗੇ**
**ਤੈਸੇ ਵਿਸ਼ਵਰੂਪ ਤੇ ਅਭੁਤ ਭੂਤ ਪ੍ਰਗਟ ਹਵੇ**
**ਤਾਹੀਂ ਤੇ ਉਪਜ ਸਭ ਤਾਹੀਂ ਮੇ ਸਮਾਇੰਗੇ**

## ੬ਃ ਸਮਾਜੀ ਸਿਧਾਂਤਃ

ਇਨਸਾਨਾਂ ਦਾ ਧਰਮ ਇਕ ਲੰਬੀ, ਖੁਸ਼ਹਾਲ ਤੇ ਆਜ਼ਾਦ ਜ਼ਿੰਦਗੀ ਬਸਰ ਕਰਨਾ ਹੈ। ਰਿਗਵੇਦ ਮੁਤਾਬਿਕ ਃ-***ਜੀਵਮ ਸ਼ਰਦ ਸ਼ਤਮ-*** *ਕਾਸ਼! ਅਸੀਂ ਸੌ ਸਾਲ ਲੰਬੀ ਤੇ ਖੁਸ਼ ਜ਼ਿੰਦਗੀ ਬਸਰ ਕਰੀਏ।* ਸਾਰੀ ਸਮਾਜੀ ਇਨਸਾਨੀ ਹਰਕਤ ਇਸ ਤਰ੍ਹਾਂ ਦੇ ਇਨਸਾਨੀ ਵਜੂਦ ਨੂੰ ਸਥਾਪਤ ਕਰਨ ਲਈ ਹੀ ਹੈ। ਸਮਾਜ ਅਤੇ ਕੁਦਰਤ ਨੂੰ ਇਨਸਾਨਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਦੇ ਕਾਬਲ ਕਰਨਾ ਇਸ ਇਨਸਾਨੀ ਹੋਂਦ ਦੀ ਸੰਤੁਸ਼ਟੀ ਲਈ ਹੀ ਹੈ, ਇਹ ਹੀ ਇਸ ਦਾ ਧਰਮ ਹੈ। ਸਮਾਜ ਸ਼ਬਦ ਦਾ ਅਰਥ ਹੀ ਇਕੋ ਥਾਂ ਤੋਂ ਜੰਮੇ ਹੋਏ।

ਰਿਗਵੇਦ ਦੱਸਦਾ ਹੈਃ

**ਅਭੈ ਨਟੋ ਅਗਨੁਕਾਥਮੀਜੁਗੁਰਿਯਾ ਦਵਾਕਸ਼ਮਾ ਸਿੰਧਵਾਚਸ਼ ਸਵਾਗੁਰਥ ਗਾਵਿਯਮ ਯਾਨਤੁ ਦੀਰਘਾਹੀਸ਼ਾਮ ਵਾਰਾਮਰੁਨੀਓ ਵਾਰਰਾਂਤ**

"ਹੇ ਅਗਨੀ! ਅਸੀਂ ਧਰਤੀ, ਆਕਾਸ਼ ਅਤੇ ਪਾਣੀ ਵਿਚ ਹਰ ਪਾਸੇ ਸਰਗਰਮ ਹਾਂ ਤਾਂ ਕਿ ਦੌਲਤ, ਦੁੱਧ ਅਤੇ ਦਾਣਾ-ਫੱਕਾ ਇਕੱਠਾ ਕਰਕੇ ਆਪਣੀਆਂ ਵਿਅਕਤੀਗਤ ਖ਼ੂਬੀਆਂ (ਸਵਾਗੁਰਤਾ)ਅਨੁਸਾਰ ਇਕ ਲੰਮਾ ਅਤੇ ਖੁਸ਼ ਜੀਵਨ ਬਤੀਤ ਕਰ ਸਕੀਏ।"

**ਸਰਵੇ ਜਨਾਹ ਸੁਖੀਨੋ ਭਵੰਤੋ-** ਸਾਰੇ ਲੋਕ ਖੁਸ਼ਹਾਲ ਤੇ ਪ੍ਰਸੰਨ ਰਹਿਣ ਦਾ ਆਦਰਸ਼ *ਰਿਤਮ* ਦਾ ਆਦਰਸ਼ ਹੈ। ਇਸਦੇ ਨਾਲ ਨਾਲ ਰਿਗਵੇਦ ਵਿਚ ਇਸ ਗੱਲ ਨੂੰ ਤਸਲੀਮ ਕੀਤਾ ਗਿਆ ਹੈ ਕਿ ਹਰੇਕ ਇਨਸਾਨ ਇਕ ਦੂਸਰੇ ਨਾਲੋਂ ਭਿੰਨ ਹੈ ਤੇ ਹਰੇਕ ਬੰਦੇ ਦੀਆਂ ਜ਼ਰੂਰਤਾਂ ਵੀ ਵੱਖੋ ਵੱਖਰੀਆਂ ਹਨ। ਇਹ ਵਿਅਕਤੀਆਂ ਦੀ ਸਮਾਨਤਾ ਅਤੇ ਅਸਮਾਨਤਾ ਨੂੰ ਸਮਝਦਾ ਹੈ ਤਾਂ ਕਿ ਹਰੇਕ ਦੀ ਜ਼ਰੂਰਤ ਪੂਰੀ ਕਰਨ ਦਾ ਬੰਦੋਬਸਤ ਹੋ ਸਕੇ। ਰਿਗਵੇਦ ਵਿਚ ਲਿਖਿਆ ਮਿਲਦਾ ਹੈ ਕਿਃ

*"ਦੋ ਹੱਥ ਬੇਸ਼ੱਕ ਸਾਮਾਨ ਹਨ ਪਰ ਇਨ੍ਹਾਂ ਦੀ ਬਣਾਈ ਹੋਈ ਸ਼ੈਅ ਬਿਲਕੁਲ ਇਕੋ ਜਿਹੀ ਨਹੀਂ। ਇਕੋ ਮਾਂ ਦੀਆਂ ਜਾਈਆਂ ਗਊਆਂ ਵੀ ਇਕੋ ਜਿਹਾ ਦੁੱਧ ਨਹੀਂ ਦਿੰਦੀਆਂ। ਜੌੜੇ ਬੱਚੇ ਵੀ ਇਕੋ ਜਿਹੇ ਜ਼ੋਰ ਦੇ ਮਾਲਕ ਨਹੀਂ ਹੁੰਦੇ ਅਤੇ ਬੜੇ ਨੇੜੇ ਦੇ ਰਿਸ਼ਤੇਦਾਰਾਂ ਦੀ ਵੀ ਖੂਬੀ ਵੱਖੋ ਵੱਖਰੀ ਹੈ"*

ਸਰਬੱਤ ਦਾ ਭਲਾ ਹੀ ਸਮਾਜ ਦਾ ਅਤੇ ਸਮਝਦਾਰ ਇਨਸਾਨ ਦਾ ਟੀਚਾ ਹੈ। ਇਸ ਲਈ ਹੀ ਨਿਸ਼ਕਾਮ ਕੰਮ ਕਰਨ ਦਾ ਸੰਦੇਸ਼ ਸਭ ਬਜ਼ੁਰਗਾਂ ਨੇ ਦਿੱਤਾ ਹੈ। ਨਿਸ਼ਕਾਮ ਕੰਮ ਦਾ ਖ਼ਿਆਲ ਇਸ ਹਕੀਕਤ ਵਿਚੋਂ ਉਪਜਦਾ ਹੈ ਕਿ ਸਮਾਜ ਵਿਚ ਇਨਸਾਨ ਦੇ ਜ਼ਾਤੀ ਹਿੱਤ, ਕੁਲ ਦੇ ਹਿੱਤ ਅਤੇ ਸਮੁੱਚੇ ਸਮਾਜ ਦੇ ਹਿੱਤਾਂ ਵਿਚ ਦੁਫੇੜ ਹੈ ਅਤੇ ਉਹ ਸੁਰਮੇਲ ਨਹੀਂ। ਇਹ ਉਸ ਸਮਾਜ ਦੀ ਝਲਕ ਹੈ ਜਿਸ ਵਿਚ ਕੁੱਝ ਲੋਕਾਂ ਨੂੰ ਦੂਸਰਿਆਂ ਨਾਲੋਂ ਜ਼ਿਆਦਾ ਹੱਕ ਪ੍ਰਾਪਤ ਹਨ। ਕੁਝ ਲੋਕਾਂ ਦੀਆਂ ਲੋੜਾਂ ਪੂਰੀਆਂ ਹੁੰਦੀਆਂ ਹਨ ਅਤੇ ਬਾਕੀਆਂ ਦੀਆਂ ਪੂਰੀਆਂ ਨਹੀਂ ਹੁੰਦੀਆਂ। ਇਸ ਸਮਾਜ ਵਿਚ ਰਿਸ਼ਤਿਆਂ ਨੂੰ ਸੁਰਮੇਲ ਕਰਨ ਲਈ ਸਾਡੇ ਗਿਆਨੀ, ਦਾਨਿਸ਼ਮੰਦ ਅਤੇ ਰੌਸ਼ਨ ਖ਼ਿਆਲ ਬਜ਼ੁਰਗਾਂ ਨੇ ਇਹ ਤੱਤ ਕੱਢਿਆ ਕਿ ਸਮਾਜ ਦੀ ਬੇਹਤਰੀ ਲਈ, ਸਰਬੱਤ ਦੇ ਭਲੇ ਲਈ ਇਹ ਬਹੁਤ ਜ਼ਰੂਰੀ ਹੈ ਕਿ ਹਰੇਕ ਦੇ ਹਿੱਤਾਂ ਦੀ ਰੱਖਿਆਂ ਕੀਤੀ ਜਾਵੇ। ਸਭ ਨੂੰ ਰਖਵਾਲੀ ਅਤੇ ਖੁਸ਼ਹਾਲੀ ਮੁਹੱਈਆ ਕੀਤੀ ਜਾਵੇ। ਸਮਾਜ ਦਾ ਅਤੇ ਇਸਦੇ ਸਾਰੇ ਹੀ ਅਦਾਰਿਆਂ ਦਾ ਇਹ ਫਰਜ਼ ਹੈ ਕਿ ਹਰੇਕ ਦੇ ਭਲੇ ਦੀ ਗੱਲ ਕੀਤੀ ਜਾਵੇ। ਸਰਬੱਤ ਦੇ ਭਲੇ ਲਈ ਹਰੇਕ ਇਨਸਾਨ ਨੂੰ ਇਸ ਸਾਂਝੇ ਟੀਚੇ ਲਈ ਨਿਸ਼ਕਾਮ ਕੰਮ ਕਰਨ ਦੀ ਲੋੜ ਹੈ। ਨਿਸ਼ਕਾਮ ਕੰਮ ਦਾ ਮਤਲਬ ਹੈ ਕਿ ਉਹ ਕੰਮ ਕੀਤਾ ਜਾਵੇ ਜਿਸ ਦੀ ਸਭ ਨੂੰ ਲੋੜ ਹੈ ਨਾਂਕਿ ਸਿਰਫ਼ ਆਪਣੇ ਸਵਾਰਥ ਲਈ। ਸਮਾਜ ਨੂੰ ਜਿਸ ਚੀਜ਼ ਦੀ ਲੋੜ ਹੁੰਦੀ ਹੈ ਇਹ ਸਮਾਜ ਦੇ ਸਾਮ੍ਹਣੇ ਇਕ ਸਮੱਸਿਆ ਜਾਂ ਮਸਲੇ ਦੇ ਰੂਪ ਵਿਚ ਖੜ੍ਹੀ ਹੁੰਦੀ ਹੈ। ਇਸ ਸਮੱਸਿਆ ਦੇ ਹੱਲ ਲਈ ਲੋੜੀਂਦਾ ਉੱਦਮ ਕਰਕੇ ਸਮਾਜ ਦੀ ਤੋਰ ਨਾਲ ਪੈਰ ਮਿਲਾ ਕੇ ਤੁਰਨਾ ਜ਼ਰੂਰੀ ਹੋ ਜਾਂਦਾ ਹੈ। ਇਸ ਤਰ੍ਹਾਂ ਦੀਆਂ ਸਮਾਜੀ ਸਮੱਸਿਆਵਾਂ ਦੇ ਹੱਲ ਲਈ ਲੋੜੀਂਦਾ ਉੱਦਮ ਕਰਨਾ ਹੀ ਨਿਸ਼ਕਾਮ ਕੰਮ ਹੁੰਦਾ ਹੈ ਜਿਸ ਨਾਲ ਸਰਬੱਤ ਦਾ ਭਲਾ ਹੋਵੇ। ਜਿਸ ਨਾਲ ਜ਼ਾਤੀ ਅਤੇ ਸਮਾਜੀ ਹਿੱਤ ਸੁਰਮੇਲ ਹੋਣ। ਗਿਆਨ ਅਤੇ ਵਿਗਿਆਨ ਇਹ ਹੀ ਦੱਸਦੇ ਹਨ। ਸਮਾਜ ਦੀ ਤਰੱਕੀ ਲਈ ਅਤੇ ਨਵੀਂ ਉਸਾਰੀ ਲਈ ਕਦਮ ਹੀ ਨਿਸ਼ਕਾਮ ਕੰਮ ਹੈ।

ਬ੍ਰਾਹਮਣਵਾਦ, ਮੁਲਾਂਸ਼ਾਹੀ ਅਤੇ ਰਾਜ ਦੇ ਜ਼ੁਲਮ ਅਤੇ ਧੌਂਸ ਦੇ ਖ਼ਿਲਾਫ਼ ਦਾਨਿਸ਼ਮੰਦਾਂ, ਗਿਆਨੀਆਂ, ਪੀਰਾਂ,ਫਕੀਰਾਂ, ਗੁਰੂਆਂ ਅਤੇ ਵਿਦਵਾਨਾਂ ਨੇ ਸਮਾਜ ਵਿਚ ਲੁੱਟ ਖਸੁੱਟ ਦੇ ਖ਼ਿਲਾਫ਼ ਅਤੇ ਜ਼ਮੀਰ ਦੀ ਆਜ਼ਾਦੀ ਲਈ ਆਵਾਜ਼ ਉਠਾਈ ਅਤੇ ਜ਼ਾਤਪਾਤ, ਅਤੇ ਛੂਤ ਛਾਤ ਨੂੰ ਸਮਾਜ ਦਾ ਕੋਹੜ ਦੱਸਿਆ।

ਵਸੇਵੇਂ ਅਤੇ ਹਾਲਾਤ ਦਾ ਅਸਰ ਇਨਸਾਨ ਉਤੇ ਪੈਂਦਾ ਹੈ ਅਤੇ ਇਸ ਨਾਲ ਉਸ ਦੀ ਚੇਤਨਾ ਅਤੇ ਗਿਆਨ ਵਿਕਸਿਤ ਹੁੰਦਾ ਹੈ। ਹਰੇਕ ਚੀਜ਼ ਅਤੇ ਇਨਸਾਨ ਉਤੇ ਦੇਸ਼-ਕਾਲ ਦਾ ਅਸਰ ਹੁੰਦਾ ਹੈ। ਹਰ ਸ਼ੈਅ ਦੇਸ਼-ਕਾਲ ਵਿਚ ਹੀ ਪੈਦਾ ਹੁੰਦੀ ਹੈ। ਇਨਸਾਨ ਦੀ ਸੂਝ ਅਤੇ ਸੋਧ ਵੀ ਦੇਸ਼-ਕਾਲ ਨਾਲ ਹੀ ਸੰਬੰਧਿਤ ਹੁੰਦੀ ਹੈ। ਗੁਰੂ ਗੋਬਿੰਦ ਸਿੰਘ ਵੀ ਕਹਿੰਦੇ ਹਨਃ

***ਡੇਹਰਾ ਮਸੀਤ, ਪੂਜਾ ਔਰ ਨਮਾਜ ਸੈ ਮਾਨਸ ਇਕ ਪਰ ਅਨੇਕ ਪਰਭਾਵ ਹੈ***
***ਦੇਵਤਾ, ਰਾਖਸ, ਯਖਸ਼, ਗੰਧਰਵ, ਤੁਰਕ ਔਰ ਹਿੰਦੂ ਪਰ ਨਿਆਰੇ ਨਿਆਰੇ ਦੇਸ਼ ਕਾ ਨਿਆਰਾ ਹੀ ਤੋ ਭਾਵ ਹੈ।***

ਇਸੇ ਕਰਕੇ ਰਿਗਵੇਦ ਦੇ ਸਮੇਂ ਤੋਂ ਹੀ ਇਸ ਗੱਲ ਤੇ ਜ਼ੋਰ ਦਿੱਤਾ ਗਿਆ ਹੈ ਕਿ ਨਵੇਂ ਦੇਸ਼-ਕਾਲ ਵਿਚ ਨਵੀਂਆਂ ਲੀਹਾਂ ਤੇ ਚਲਣ ਦੀ ਲੋੜ ਹੈ ਅਤੇ ਚੀਜ਼ਾਂ ਦਾ ਮੁੜ ਜਾਇਜ਼ਾ ਲੈਣ ਦੀ ਲੋੜ ਹੁੰਦੀ ਹੈ।

## ੭ਃ ਮਾਨਸਿਕਤਾ ਦਾ ਸਿਧਾਂਤ

ਇਨਸਾਨ ਦੀਆਂ ਪੰਜ ਗਿਆਨ ਇੰਦ੍ਰੀਆਂ, ਪੰਜ ਕਰਮ ਇੰਦਰੀਆਂ, ਪੰਜ ਪ੍ਰਾਣ, ਮਨ ਅਤੇ ਬੁੱਧੀ ਸੂਖਮ ਅਤੇ ਸਥੂਲ ਅੰਗ ਦੱਸੇ ਗਏ ਹਨ ਜਿਨ੍ਹਾਂ ਨਾਲ ਉਹ ਸੰਸਾਰ ਵਿਚ ਵਿਚਰਦਾ ਹੈ। ਇਨਸਾਨ ਇਕ ਚੌਗਿਰਦੇ ਵਿਚ ਪੈਦਾ ਹੁੰਦਾ ਹੈ, ਜਿਸ ਵਿਚ ਦੇਸ਼-ਕਾਲ ਮੁਤਾਬਿਕ ਉਸ ਉਤੇ ਅਸਰ ਹੁੰਦਾ ਹੈ। ਇਸ ਇਤਿਹਾਸਿਕ ਸਥਿਤੀ ਵਿਚ ਉਹ ਕਈ ਬੰਧਨਾਂ ਵਿਚ ਫਸ ਜਾਂਦਾ ਹੈ। ਲੋੜ ਨਾਲੋਂ ਜ਼ਿਆਦਾ ਕਾਮ, ਕਰੋਧ, ਲੋਭ, ਅਹੰਕਾਰ ਅਤੇ ਮੋਹ ਇਨਸਾਨ ਦੀ ਅਕਲ ਤੇ ਪਰਦਾ ਪਾ ਦਿੰਦੇ ਹਨ ਅਤੇ ਉਹਨੂੰ ਪਸ਼ੂ ਬਿਰਤੀ ਵਾਲਾ ਬਣਾ ਦਿੰਦੇ ਹਨ ਜੋ ਸਹੀ ਅਤੇ ਗਲਤ ਵਿਚ ਫਰਕ ਨਹੀਂ ਦਸ ਸਕਦਾ ਉਹ ਸਿਰਫ਼ ਆਪਣੀ ਮੈਂ ਤਕ ਹੀ ਮਹਿਦੂਦ ਰਹਿ ਜਾਂਦਾ ਹੈ। ਉਹ ਅਸਲੀ ਅਤੇ ਨਕਲੀ, ਚੰਗੇ ਅਤੇ ਮੰਦੇ ਵਿਚ ਫਰਕ ਨਹੀਂ ਜਾਣ ਸਕਦਾ ਅਤੇ ਅਸਲੀਅਤ ਨਹੀਂ ਵੇਖ ਸਕਦਾ। ਉਹ ਅਗਿਆਨਤਾ ਦੇ ਹਨੇਰੇ ਵਿਚ ਰੁਲ ਜਾਂਦਾ ਹੈ ਅਤੇ ਜਾਨਵਰਾਂ ਦੀ ਜ਼ਿੰਦਗੀ ਜੀਣ ਲਗ ਪੈਂਦਾ ਹੈ। ਪਤੰਜਲੀ ਅਤੇ ਹੋਰਨਾਂ ਨੇ ਜੋਗ ਅਤੇ ਹੋਰਨਾਂ ਰਾਹਾਂ ਰਾਹੀਂ ਇਨ੍ਹਾਂ ਬਿਰਤੀਆਂ ਨੂੰ ਇਕ ਸੰਤੁਲਨ ਵਿਚ ਰੱਖਣ ਦਾ ਉਪਰਾਲਾ ਕੀਤਾ। ਪਤੰਜਲੀ ਯੋਗ ਸੂਤਰ ਵਿਚ ਕਹਿੰਦਾ ਹੈਃ

***ਯੋਗਾ ਮਨਚਿਤਵਰਿਤੀ ਨਿਰੋਧ***

ਜੋਗ ਮਨ ਅਤੇ ਚਿੱਤ ਦੀ ਬਿਰਤੀਆਂ ਨੂੰ ਵੱਸ ਵਿਚ ਰਖਣਾ ਹੈ।

ਕਠ ਉਪਨਿਸ਼ਦ ਕਹਿੰਦਾ ਹੈ ਕਿ ਇਨਸਾਨ ਨੂੰ ਪ੍ਰੀਯੇ ਦੀ ਥਾਂ ਸ਼੍ਰੀਯੇ ਯਾਨੀ ਕਿ ਉਹ ਕੰਮ ਕਰਨਾ ਚਾਹੀਦਾ ਹੈ ਜਿਹਦੀ ਸਭ ਨੂੰ ਲੋੜ ਹੈ ਨਾਂਕਿ ਉਹ ਜੋ ਸਿਰਫ਼ ਉਹਨੂੰ ਹੀ ਚੰਗਾ ਲਗਦਾ ਹੈ।

ਬਿਰਤੀਆਂ ਨੂੰ ਸੰਤੁਲਨ ਵਿਚ ਰੱਖਣ ਦੀ ਅਹਿਮੀਅਤ ਸਮਝਾਉਂਦੇ ਹੋਏ ਸ਼ੇਖ਼ ਫ਼ਰੀਦ ਜੀ ਦੱਸਦੇ ਹਨਃ

***ਆਪ ਸਰਵਿਾਹ ਮੈ ਮਿਲਹਿ ਮੈ ਮਿਲਿਆ ਸੁਖ ਹੋਇ***
**ਅਤੇ**
***ਫਰੀਦਾ ਮਨ ਮੈਦਾਨ ਕਰ ਟੋਏ ਟਿੱਬੇ ਲਾਹਿ***

ਗਿਆਨਵਾਨ ਜਾਂ ਸਾਧੂ ਇਹੋ ਜਿਹਾ ਸੰਤੁਲਨ ਰਖਦਾ ਹੈ ਜਿਸ ਵਿਚ ਃ

**ਹਰਖ ਸੋਗ ਜਾਗੇ ਨਹੀਂ ਕੰਚਨ ਲੋਹ ਸਮਾਨ (ਗੁਰੂ ਤੇਗ ਬਹਾਦਰ)**

ਕਿਉਂਕਿ ਇਨਸਾਨ ਜਦ ਇਨ੍ਹਾਂ ਬਿਰਤੀਆਂ ਨੂੰ ਸੰਤੁਲਨ ਵਿਚ ਰੱਖ ਕੇ ਕੰਮ ਕਰਦਾ ਹੈ ਤਾਂ ਉਹਨੂੰ ਦੁਨੀਆ ਅਤੇ ਆਪਣੀ ਹਕੀਕਤ ਦਾ ਗਿਆਨ ਹੁੰਦਾ ਹੈ ਕਿ ਉਹ ਇਸ ਕੁਦਰਤ ਦਾ ਹੀ ਇਕ ਹਿੱਸਾ ਹੈ।ਉਪਨਿਸ਼ਦ ਦਾ ਇਹ ਮਹਾਂਵਾਕ ਇਸ ਹਕੀਕਤ ਨੂੰ ਜ਼ੋਰ ਨਾਲ ਕਹਿੰਦਾ ਹੈਃ

**ਅਹਮ ਬਰਹਮਾਸਮੀ**

ਭਾਵ ਮੈਂ ਬਰਹਮ-ਇਹ ਸਾਰਾ ਪਸਾਰਾ ਹਾਂ

## ੮ਃ ਆਰਥਿਕ ਸਿਧਾਂਤ

ਰਿਗਵੇਦ ਅਤੇ ਹੋਰ ਪੁਰਾਤਨ ਪੁਸਤਕਾਂ ਅਤੇ ਲੋਕ ਅਖਾਣਾਂ ਵਿਚ ਇਹ ਗੱਲ ਦੱਸੀ ਗਈ ਹੈ ਕਿ ਦੌਲਤ ਲੋਕ ਸਮਾਜ ਵਿਚ ਇਕੱਠੇ ਹੋਕੇ ਆਪਣੀ ਮੇਹਨਤ ਨਾਲ ਕੁਦਰਤ ਦੇ ਸੋਮਿਆਂ ਤੋਂ ਪੈਦਾ ਕਰਦੇ ਹਨ। ਰਿਗਵੇਦ ਦਾ ਪਹਿਲਾ ਸ਼ਲੋਕ ਦੱਸਦਾ ਹੈਃ

***`ਅਗਨੀ ਮਿਲੇ ਪੁਰੋਹੀਤਮ ਯਗਸਿਆ ਦੇਵਾਰਿਤਜਮ ਹੋਤਾਰਾਮ ਰਤਨਧਾਤਮਮ।(ਰਿਗਵੇਦ ੧-੧)`***

ਆਪਣੀ ਮੇਹਨਤ ਅਤੇ ਅੱਗ ਜੋ ਕਿ ਇਕ ਕੁਦਰਤ ਦਾ ਸੋਮਾ ਹੈ , ਦੀ ਵਰਤੋਂ ਨਾਲ ਅਸੀਂ ਹੀਰੇ ਮੋਤੀ ਅਤੇ ਹੋਰ ਰਤਨ ਅਤੇ ਕਈ ਤਰਾਂ ਦੀਆਂ ਧਾਤਾਂ ਕੁਦਰਤ ਤੋਂ ਹਾਸਿਲ ਕਰਦੇ ਹਾਂ।

ਮਹਾਂਭਾਰਤ ਵਿਚ ਕਿਹਾ ਗਿਆ ਹੈਃ

***`ਵਿਦਿਆ ਤਪੋ ਵਾ ਵਿਪੁਲਮ ਧਨਮ ਵਾ ਸਰਵਮ ਹਯੇਤਾਦ ਵਿਅਵਸੇਨ ਸ਼ਕਅਮ ਬੁਧਆਤਮ ਤੱਲੀਵਸਯੇਦ ਦੇਹਵਤਸੁ ਤਸਮਾਦ ਵਿਦਿਆਦ ਵਅਵਾਯਮ ਪਰਾਭੁਤਮ`***

ਗਿਆਨ, ਤਪ, ਧਨ ਇਹ ਸਭ ਇਨਸਾਨ ਦੀ ਮੇਹਨਤ ਨਾਲ ਹੀ ਪੈਦਾ ਹੁੰਦੇ ਹਨ

ਭਰਥਰੀ ਹੋਰੀਂ ਵੀ ਕਹਿੰਦੇ ਹਨਃ

**ਪਾਤਰਤਵਾਦ ਧਨਮੋਪਨੋਤੀ**

ਭਾਵ ਕਿ ਮੇਹਨਤ ਨਾਲ ਹੀ ਦੌਲਤ ਪੈਦਾ ਕੀਤੀ ਜਾਂਦੀ ਹੈ।

ਇਨਸਾਨ ਆਪਣੀ ਮੇਹਨਤ, ਗਿਆਨ ਅਤੇ ਅਕਲ ਨਾਲ ਇਹ ਸਭ ਨਿਹਮਤਾਂ ਪੈਦਾ ਕਰਦਾ ਹੈ। ਮੇਹਨਤ ਨਾਲ ਹੀ ਸਭ ਚੀਜ਼ਾਂ ਪ੍ਰਾਪਤ ਹੁੰਦੀਆਂ ਹਨ। ਅਰਥਸ਼ਾਸਤਰ, ਪੰਚਤੰਤਰ ਅਤੇ ਹੋਰ ਕਿਤਾਬਾਂ ਵੀ ਇਹੋ ਹੀ ਦੱਸਦੀਆਂ ਹਨ। ਕਿਉਂਕਿ ਇਹ ਇਕ ਖੇਤੀ ਪਰਧਾਨ ਸਮਾਜ ਸੀ ਇਸ ਲਈ ਖੇਤੀ ਬਾੜੀ ਨੂੰ ਹੀ ਸਾਰਿਆਂ ਨਾਲੋਂ ਵਧਿਆ ਕਿਹਾ ਗਿਆ ਹੈ।

ਬਾਬਾ ਨਾਨਕ ਵੀ ਕਿਰਤ ਨੂੰ ਸਾਰੀਆਂ ਦੌਲਤਾਂ ਦਾ ਮੂਲ ਦੱਸਦਾ ਹੈ। ਇਸ ਲਈ ਉਹ ਕਿਰਤ ਕਰਨ ਦਾ ਹੀ ਸੰਦੇਸ਼ ਦਿੰਦਾ ਹੈ। ਆਪਣੇ ਵਕਤ ਵਿਚ ਉਨ੍ਹਾਂ ਨੇ ਖੇਤੀ ਨੂੰ ਦੌਲਤ ਪੈਦਾ ਕਰਨ ਦਾ ਪਹਿਲਾ ਦਰਜਾ ਦਿੱਤਾ ਹੈਃ

**ਉੱਤਮ ਖੇਤੀ ਮੱਧ ਵਿਉਪਾਰ**
**ਨਿਖੇਧ ਚਾਕਰੀ ਭੀਖ ਦੁਆਰ**

ਵੀਹਵੀਂ ਸਦੀ ਵਿਚ ਗ਼ਦਰੀ ਬਾਬਿਆਂ ਅਤੇ ਸ਼ਹੀਦ ਭਗਤ ਸਿੰਘ ਹੁਰਾਂ ਅਤੇ ਆਜ਼ਾਦੀ ਦੇ ਹੋਰ ਪਰਵਾਨਿਆਂ ਨੇ ਵੀ ਇਹ ਹੀ ਗੱਲ ਕਹੀ ਕਿ ਕਿਰਤ ਅਤੇ ਕੁਦਰਤ ਹੀ ਸਾਰੀਆਂ ਦੌਲਤਾਂ ਪੈਦਾ ਕਰਦੇ ਹਨ। ਕਿਉਂਕਿ ਕਿਰਤ ਅਤੇ ਕੁਦਰਤ ਨਾਲ ਹੀ ਸਮਾਜ ਵਿਚ ਸਾਰੀਆਂ ਦੌਲਤਾਂ ਅਤੇ ਬਖ਼ਸ਼ਸ਼ਾਂ ਪੈਦਾ ਕੀਤੀਆਂ ਜਾਂਦੀਆਂ ਹਨ ਤਾਂ ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਇਕ ਖੁਸ਼ਹਾਲ ਸਮਾਜ ਲਈ ਕਿਰਤ ਨਾਲ ਪੈਦਾ ਕੀਤੇ ਧਨ ਦੌਲਤ ਨੂੰ ਸਮਾਜ ਵਿਚ ਲੋੜ ਮੁਤਾਬਿਕ ਵੰਡਿਆ ਜਾਵੇ।

## ੯ਃ ਸਿਆਸੀ ਸਿਧਾਂਤ

ਰਾਜ ਦਾ ਫਰਜ਼ ਪਰਜਾ ਦੀ ਖੁਸ਼ਹਾਲੀ ਅਤੇ ਰਖਵਾਲੀ ਦਾ ਬੰਦੋਬਸਤ ਕਰਨਾ ਹੈ ਅਤੇ ਸਾਰੀ ਸ਼ਕਤੀ ਦੀ ਬੁਨਿਆਦ ਪਰਜਾ ਹੈ
ਇਸ ਖ਼ਿੱਤੇ ਵਿਚ ਇਸਤਰੀ ਪ੍ਰਧਾਨ ਯੁਗ ਦੌਰਾਨ ਹੀ ਇਕ ਪੜਾਅ ਤੇ ਪਹੁੰਚ ਕੇ ਸਮਾਜ ਨੇ ਰਾਜ ਜਾਂ ਸਟੇਟ ਨੂੰ ਪੈਦਾ ਕੀਤਾ। ਇਹ ਅਦਾਰਾ ਸਮਾਜ ਦੇ ਅੰਦਰ ਵੱਖੋ ਵੱਖਰੇ ਹਿਤਾਂ ਨੂੰ ਸੁਰਮੇਲ ਕਰਨ ਲਈ ਹੋਂਦ ਵਿਚ ਲਿਆਂਦਾ ਗਿਆ। ਅਧਿਕਾਰਾਂ ਅਤੇ ਫ਼ਰਜ਼ਾਂ ਦੀ ਪੂਰਤੀ ਲਈ ਹੀ ਸਟੇਟ ਵਜੂਦ ਵਿਚ ਲਿਆਂਦੀ ਗਈ ਸੀ। ਰਾਜੇ ਦਾ ਧਰਮ ਇਹ ਸੀ ਕਿ ਹਰੇਕ ਇਨਸਾਨ ਨੂੰ ਆਪਣੇ ਧਰਮ ਤੇ ਚਲਣ ਦੀ ਜ਼ਾਮਨੀ ਦੇਵੇ ਯਾਨੀ ਕਿ ਹਰੇਕ ਇਨਸਾਨ ਆਪਣੇ ਅਧਿਕਾਰ ਵੀ ਮਾਣੇ ਅਤੇ ਫਰਜ਼ ਵੀ ਪੂਰੇ ਕਰੇ। ਇਸਦੇ ਰਾਹ ਵਿਚ ਜੋ ਵੀ ਔਕੜ ਹੋਵੇ ਉਹਨੂੰ ਦੂਰ ਕਰਨਾ ਹੀ ਰਾਜੇ ਦਾ ਧਰਮ ਸੀ। ਅਧਿਕਾਰਾਂ ਅਤੇ ਫ਼ਰਜ਼ਾਂ ਦਾ ਮਿਸ਼ਰਣ ਹੀ ਹਰੇਕ ਸ਼ੈਅ ਨੂੰ ਜੋੜਦਾ ਹੈ ਤੇ ਇਹ ਇਕ ਐਸਾ ਗੂੰਦ ਹੈ ਜੋ ਸਮਾਜ ਦੇ ਤਾਣੇ-ਬਾਣੇ ਨੂੰ ਇਕੱਠਾ ਰੱਖਦਾ ਹੈ, ਇਹਦੇ ਵਿਕਾਸ ਅਤੇ ਕਾਰੋਬਾਰ ਨੂੰ ਚਲਾਉਂਦਾ ਹੈ। ਇਸ ਕਰਕੇ ਕਿਹਾ ਗਿਆ ਹੈ ਕਿ ਧਰਮ ਹਰੇਕ ਸ਼ੈਅ ਦਾ ਰਾਖਾ ਹੈ ਤੇ ਇਹਦੀ ਹੋਂਦ ਅਤੇ ਖਾਸੀਅਤ ਨੂੰ ਬਰਕਰਾਰ ਰਖਦਾ ਹੈ। ਇਸ ਧਰਮ ਦੇ ਸਿਰ ਤੇ ਹੀ ਇਹ ਜੱਗ ਅਤੇ ਕਾਇਨਾਤ, ਕੁਦਰਤ ਅਤੇ ਸਮਾਜ ਚਲਦੇ ਹਨ। ਹੱਕਾਂ ਅਤੇ ਫ਼ਰਜ਼ਾਂ ਦੇ ਇਸ ਤਵਾਜ਼ਨ ਦੇ ਬਗੈਰ, ਸਮਾਜ ਦਾ ਕਾਰੋਬਾਰ ਚੱਲ ਨਹੀਂ ਸਕਦਾ। ਰਾਜ-ਵਿਵਸਥਾ ਦੇ ਬਾਰੇ ਵਿਚ ਬਾਰ ਬਾਰ ਇਹ ਗੱਲ ਕਹੀ ਗਈ ਹੈ ਕਿ ਸੁਖ ਅਤੇ ਰੱਖਿਆ ਪਰਜਾ ਦਾ ਅਧਿਕਾਰ ਇਸ ਲਈ ਹੈ ਕਿਉਂਕਿ ਪਰਜਾ, ਪਰਜਾ ਹੈ। ਇਹ ਹੱਕ ਪਰਜਾ ਦੀ ਹੋਂਦ ਤੋਂ ਪਰਜਾ ਦੇ ਵਜੂਦ ਤੋਂ ਨਿਕਲਦਾ ਹੈ। ਪਰਜਾ ਹੀ ਰਾਜੇ ਨੂੰ ਜਨਮ ਦਿੰਦੀ ਹੈ ਤੇ ਪਾਲਦੀ ਹੈ। ਇਹ ਰਾਜੇ ਦੀ ਜ਼ੁੰਮੇਵਾਰੀ ਹੈ ਅਤੇ ਰਾਜ (ਸਟੇਟ)ਦਾ ਫ਼ਰਜ਼ ਹੈ ਕਿ ਪਰਜਾ ਦੇ ਸੁਖ ਅਤੇ ਰੱਖਿਆ ਦੀ ਜ਼ਾਮਨੀ ਦੇਵੇ। ਜੇ ਰਾਜਾ ਆਪਣੇ ਧਰਮ ਦੀ ਪਾਲਣਾ ਨਹੀਂ ਕਰਦਾ ਭਾਵ ਪਰਜਾ ਦੀ ਖ਼ੁਸ਼ਹਾਲੀ ਅਤੇ ਰਖਵਾਲੀ ਲਈ ਚੰਗੀ ਤਰ੍ਹਾਂ ਕੰਮ ਨਾ ਕਰਦਾ ਹੋਇਆ ਆਪਣਾ ਰਾਜ-ਧਰਮ ਨਹੀਂ ਪਾਲਦਾ ਤਾਂ ਪਰਜਾ ਦਾ ਵੀ ਇਹ ਧਰਮ ਹੈ ਕਿ ਇਹੋ ਜਿਹੇ ਰਾਜੇ ਨੂੰ ਖ਼ਤਮ (ਮਾਰ) ਕਰ ਦੇਵੇ। ਰਾਜ (ਸਟੇਟ) ਦੇ ਸੱਤ ਅੰਗ ਦਸੇ ਗਏ ਹਨ, ਸਪਤਅੰਗ। ਇਨ੍ਹਾਂ ਸੱਤਾਂ ਅੰਗਾਂ ਦਾ ਆਪੋ ਆਪਣਾ ਕਾਰੋਬਾਰ ਅਤੇ ਸਾਰਿਆਂ ਦਾ ਅੰਗਾਂ ਸਾਂਝਾ ਕੰਮ ਹੀ ਸਟੇਟ ਹੈ। ਸਟੇਟ ਦਾ ਕੰਮ ਆਪਣੇ ਨਾਗਰਿਕਾਂ ਦੀਆਂ ਪਦਾਰਥਕ ਅਤੇ ਸਭਿਆਚਾਰਕ ਜ਼ਰੂਰਤਾਂ ਪੂਰਾ ਕਰਨਾ ਹੈ। ਰਾਜ ਅਤੇ ਰਾਜਾ ਜਾਂ ਰਾਜੇ ਦੇ ਦਰਬਾਰੀਆਂ ਤੇ ਸਲਾਹਕਾਰਾਂ ਦਾ ਮੁੱਖ ਕੰਮ ਲੋਕਾਂ ਦੀ ਭਲਾਈ ਯਕੀਨੀ ਬਣਾਉਣਾ ਹੈ। ਇਹ ਕਿਸੇ ਦਾ ਕੀਤਾ ਹੋਇਆ ਕੋਈ ਪਰਉਪਕਾਰ, ਰਿਆਇਤ ਜਾਂ ਨਿਵਾਜ਼ਸ਼ ਨਹੀਂ, ਕਿਸੇ ਵੀ ਰਾਸ਼ਟਰ ਜਾਂ ਰਾਜਨਗਰੀ ਦੇ ਸ਼ਹਿਰੀਆਂ ਦੇ ਇਹ ਹੱਕ ਹਨ ਜੋ ਸ਼ਹਿਰੀ ਹੋਣ ਦੇ ਤੌਰ ਤੇ ਉਨ੍ਹਾਂ ਦੇ ਹਨ।

ਰਿਗਵੇਦ ਦੇ ਜ਼ਮਾਨੇ ਵਿਚ ਲੋਕ, ਔਰਤਾਂ ਤੇ ਮਰਦ, ਹਰ ਪਾਸੇ ਪ੍ਰਧਾਨ ਸਨ। ਇਹ ਕੁਦਰਤ ਨੂੰ ਇਨਸਾਨਪ੍ਰਸਤ ਬਣਾ ਚੁੱਕੇ ਸਨ ਅਤੇ ਕੁਦਰਤ ਇਨ੍ਹਾਂ ਦੀ ਭਲਾਈ ਲਈ ਵਰਤੀ ਜਾ ਰਹੀ ਸੀ। ਇਸ ਤਰ੍ਹਾਂ ਉਸ ਵੇਲੇ ਦਾ ਸਮਾਜ ਹੋਂਦ ਵਿਚ ਆਇਆ ਜਿਸ ਵਿਚ ਇਨਸਾਨ ਪ੍ਰਧਾਨ ਸੀ। ਖਾਣਾ-ਪੀਣਾ, ਆਰਾਮ ਅਤੇ ਪੁਨਰ-ਉਤਪਤੀ ਦਾ ਕਾਰੋਬਾਰ ਅਤੇ ਰਾਜ(ਸਟੇਟ) ਨੂੰ ਵਜੂਦ ਵਿਚ ਲਿਆਉਣਾ ਉਨ੍ਹਾਂ ਲਈ ਧਰਮ ਹੈ, ਉਨ੍ਹਾਂ ਦਾ ਅਧਿਕਾਰ ਹੈ, ਫਰਜ਼ ਹੈ। ਰਾਜਾ, ਰਾਜ ਅਤੇ ਸਮਾਜ ਦੇ ਹੋਰ ਅਦਾਰੇ ਇਨਸਾਨੀ ਹਸਤੀ ਨੂੰ ਉੱਚਾ ਚੁੱਕਣ ਲਈ ਵਜੂਦ ਵਿਚ ਲਿਆਂਦੇ ਗਏ ਸਨ ਅਤੇ ਇਨਸਾਨੀ ਹਸਤੀ ਦੇ ਭਲੇ ਲਈ ਹੀ ਰਾਜ ਅਤੇ ਸਮਾਜ ਦਾ ਹਰੇਕ ਕੰਮ ਹੁੰਦਾ ਸੀ, ਅਤੇ ਇਹ ਇਨਸਾਨੀ ਹਸਤੀ ਡੱਟ ਕੇ ਕਹਿੰਦੀ ਹੈ ਕਿ "ਸਾਰਿਆਂ ਦੇ ਸੁਖ, ਸਾਰਿਆਂ ਦੀਆਂ ਲੋੜਾਂ ਪੂਰੀਆਂ ਕਰਨਾ ਹੀ ਸਮਾਜ ਦੀ ਜ਼ੁੰਮੇਵਾਰੀ ਹੈ, ਸਾਰੇ ਸਮਾਜਿਕ ਅਦਾਰਿਆਂ, ਖ਼ਾਸ ਕਰ ਸਟੇਟ ਦਾ ਤੇ ਮਕਸਦ ਹੀ ਸਾਰਿਆਂ ਦੇ ਭਲੇ ਲਈ ਕੰਮ ਕਰਨਾ ਹੈ। ਸਾਰੇ ਅਦਾਰੇ, ਕਾਨੂੰਨ, ਅਤੇ ਰਸਮ ਰਿਵਾਜ ਵੀ ਇਸ ਮਕਸਦ ਦੀ ਪੂਰਤੀ ਲਈ ਹੀ ਹਨ। ਲੋਕਾਂ ਨੂੰ ਇਕ ਦੂਸਰੇ ਨਾਲ ਦੋਸਤੀ ਤੇ ਭਾਈਬੰਦੀ ਨਾਲ ਰਹਿਣ ਅਤੇ ਇਹ ਮੰਤਵ ਹਾਸਲ ਕਰਨ ਦੀ ਨਸੀਹਤ ਹੈ।"

ਸਮਾਜ ਦੇ ਸਾਰੇ ਹਿਸਿਆਂ ਨੂੰ ਤਾਕੀਦ ਕੀਤੀ ਗਈ ਹੈ ਕਿ ਕੁਲ ਸਮਾਜ ਦੇ ਭਲੇ ਲਈ ਕੰਮ ਕਰਨ। ਕਿਰਤੀਆਂ ਨੂੰ ਵਧੀਆ ਪੈਦਾਵਾਰ ਕਰਨ ਨੂੰ ਕਿਹਾ ਗਿਆ ਹੈ ਜੋ ਹਰੇਕ ਦੀਆਂ ਜ਼ਰੂਰਤਾਂ ਪੂਰੀਆਂ ਕਰੇ। ਹਰ ਤਰ੍ਹਾਂ ਦੇ ਆਲਮਾਂ ਅਤੇ ਕਸਬੀ ਲੋਕਾਂ ਦੀ ਇਹ ਜ਼ਿੰਮੇਵਾਰੀ ਹੈ ਕਿ ਹੋਰ ਖੋਜ ਤੇ

ਅਧਿਐਨ ਕਰਕੇ ਆਪਣਾ ਹੁਨਰ ਤੇ ਕਾਬਲੀਅਤ ਵਧਾਉਣ ਤਾਂ ਕਿ ਇਨ੍ਹਾਂ ਦੇ ਹੁਨਰ ਤੋਂ ਸਾਰੇ ਸਮਾਜ ਨੂੰ ਲਾਭ ਹੋਵੇ ਕਿਉਂਕਿ ਸਰਬੱਤ ਦੇ ਭਲੇ ਵਿਚ ਹੀ ਉਨ੍ਹਾਂ ਦਾ ਭੀ ਭਲਾ ਹੈ।

***ਯੁਆਮਸਮਭਿਯਮ ਧਿਸ਼ਨਾਭੀਯਸਪਰੀ ਵਿਦਵਾਨਸੋ ਵਿਸ਼ਵਾ ਨਿਆਰਨੀ ਭੋਜਨਾ। ਦਿਆਮੰਤਮ ਵਜਾਮ ਵਰਿਸ਼ਾਸ਼ੂਸ਼ਮਾਮਯੁਤਮਾਮਾ ਨੋ ਰੇਆਮਰੀਭਾਵਾਸਤਕਸ਼ਾਤਾ ਵਿਆਮ।***

"ਅਕਲਮੰਦਾ! ਆਪਣੀ ਅਕਲ ਤੇ ਸਿਆਣਪ ਨਾਲ ਸਾਡੇ ਸਾਰਿਆਂ ਲਈ ਖ਼ੁਰਾਕ ਤੇ ਦੌਲਤ ਪੈਦਾ ਕਰ ਤੇ ਆਪਣੀ ਅਕਲ ਤੇ ਇਲਮ ਦੇ ਜ਼ੋਰ ਨਾਲ ਪਤਾ ਲਾ ਕਿ ਸਾਰੇ ਖ਼ੁਸ਼ ਕਿਵੇਂ ਹੋ ਸਕਦੇ ਹਨ।"

***ਸਾ ਹੀ ਕਰੁਤੁਹ ਮਰਯਾਹ ਸਾਧੂਮਿਰਤਰੋ ਨਾ ਬੁਧਾਦਬੱਤਾਸਿਆ ਰਾਥੀਹ। ਤਾਮ ਮੇਧੇਸ਼ੂ ਪਰਥਮਮ ਦੇਵਾਨਤਰੀਵਿਸ਼ਾਹ ਉਪ ਬਰੁਵਾਤੇ ਦਸਮਮਾਰੀਹ***

"ਪਰਜਾ ਨੂੰ ਸਭਾ ਦਾ ਆਗੂ ਉਹ ਵਿਅਕਤੀ ਬਣਾਉਣਾ ਚਾਹੀਦਾ ਹੈ ਜੋ ਸਾਰਿਆਂ ਦਾ ਮਿੱਤਰ ਹੋਵੇ, ਜੋ ਅਕਲਮੰਦ ਹੋਵੇ, ਜੋ ਸਾਰਿਆਂ ਦਾ ਭਲਾ ਮੰਗਦਾ ਹੋਵੇ, ਜੋ ਫ਼ੌਜ ਦਾ ਵਧੀਆ ਸੈਨਾਪਤੀ ਹੋਵੇ, ਜਿਹਦੇ ਕੋਲ ਆਹਲਾ ਹਥਿਆਰ ਅਤੇ ਰੱਥ ਹੋਣ।"

***ਪਰਜਾਵਤਾ ਵਾਚਸਾ ਵਾਹਿਨਰਸਾ ਛੂ ਹੁਵੇ ਨੀ ਸਤਸੀਹ ਦੇਵੈਹਿ। ਵੇਸ਼ੀ ਹੋਤਰਾਮੁਤ ਪੋਤਰਮ ਯਜਾਤਰਾ ਬੋਧੀ ਪ੍ਰਯੰਤਰਾਜਅਨਿਤਾਵੋਸੁਨਮ***

" ਪਰਜਾ ਦੇ ਆਖੇ ਅਨੁਸਾਰ, ਇਲਮ ਨਾਲ, (ਪਰਜਾ ਲਈ) ਖ਼ੁਸ਼ਹਾਲੀ ਲਿਆ, ਕਿਉਂਕਿ ਸਾਡੇ ਵਾਸਤੇ ਖ਼ੁਸ਼ਹਾਲੀ ਲਿਆਉਣ ਲਈ ਤੇਰੀਆਂ ਲਗਾਤਾਰ ਕੋਸ਼ਿਸ਼ਾਂ ਦੇ ਅਸੀਂ ਬਹੁਤ ਹੀ ਮਸ਼ਕੂਰ ਹਾਂ।"

ਸੋ, ਰਿਗਵੇਦ ਦੇ ਜ਼ਮਾਨੇ ਤੋਂ ਹੀ ਹੱਕਾਂ ਅਤੇ ਅਧਿਕਾਰਾਂ ਦੀ ਉਤਪਤੀ *ਧਰੀ* ਵਿਚੋਂ ਹੁੰਦੀ ਹੈ। ਇਸਦਾ ਮਤਲਬ ਇਹ ਹੈ ਕਿ ਮਾਨੁਖ ਦੇ ਅਧਿਕਾਰ ਉਹਦੇ ਵਜੂਦ ਅਤੇ ਹੋਂਦ ਕਰਕੇ ਹਨ। ਕੋਈ ਹੋਰ ਇਹ ਹੱਕ ਦੇ ਵੀ ਨਹੀਂ ਸਕਦਾ ਤੇ ਲੈ ਵੀ ਨਹੀਂ ਸਕਦਾ। ਭਾਵ ਕਿ ਬੰਦੇ ਦੇ ਵਜੂਦ ਕਰਕੇ ਹੀ ਉਹਦੇ ਹੱਕ ਵੀ ਹਨ ਤੇ ਫ਼ਰਜ਼ ਵੀ ਹਨ ਤੇ ਇਹ ਦੋਵੇਂ ਚੀਜ਼ਾਂ ਉਹਦਾ ਧਰਮ ਹਨ ਜਿਸ ਵਿਚ ਹੋਰ ਕਿਸੇ ਦਾ ਦਖ਼ਲ ਨਹੀਂ ਹੋ ਸਕਦਾ। ਕਿਉਂਕਿ ਪਰਜਾ ਹੀ ਰਾਜ ਨੂੰ ਜਨਮ ਦਿੰਦੀ ਹੈ ਇਸ ਲਈ ਪਰਜਾ ਹੀ ਸਾਰੀ ਸਿਆਸੀ ਤਾਕਤ ਅਤੇ ਰਾਜ ਦੀ ਬੁਨਿਆਦ ਹੈ। ਰਿਗਵੇਦ, ਯਜੁਰਵੇਦ, ਅਰਥਸ਼ਾਸਤਰ, ਮਹਾਂਭਾਰਤ ਅਤੇ ਹੋਰਨਾਂ ਥਾਂਵਾਂ ਤੇ ਰਾਜ ਦੇ ਸੱਤ ਅੰਗਾਂ ਚੋ ਪਰਜਾ ਹੀ ਸਰਵਉੱਚ ਦੱਸੀ ਗਈ ਹੈ। ਰਿਗਵੇਦ ਵਿਚ ਪਰਜਾ ਦੀ ਸਭਾ ਬਾਰੇ ਕਿਹਾ ਗਿਆ ਹੈਃ

**ਤਵਮ ਹਾ ਤਆਦੀਂਦਰਾ ਸਪਤਾ ਯੁਧਾਨ ਪੁਰੋਵਜਰੀਨ ਪੁਰੁਕੁਤਸਾਇਆ ਦਰਦਾਹ।**
**ਬਹਰੀਨ ਯਤ ਸੂਦਾਸੇ ਵਰੀਤਾਹ ਵਰੰਘੋ ਰਾਜਨਵਰੀਵਾਹ ਪੂਰਵੇ ਕਾਹ। (ਰਿਗਵੇਦ ਮੰਡਲ ੧ ਸੂਕਤ ੬੩)**

*ਬਹੁਤ ਹੀ ਵਧਿਆ ਹਥਿਆਰਾਂ ਨਾਲ, ਰਾਜ ਦੇ ਸੱਤ ਅੰਗਾਂ ਨਾਲ ਸਾਡਾ ਆਗੂ ਦੁਸ਼ਮਣ ਦੇ ਸ਼ਹਿਰ ਤਬਾਹ ਕਰਕੇ ਸਾਡੇ ਤੇ ਖ਼ੁਸ਼ਹਾਲੀ ਇੰਜ ਬਰਸਾਂਵਦਾ ਹੈ ਜਿਸ ਤਰਾਂ ਸੂਰਜ ਚਾਨਣ ਦੀ ਬਾਰਿਸ਼ ਕਰਦਾ ਹੈ।*

**ਅਹਮ ਰੁਦਰੇਭੀਵਰਸੁਭੀਸ਼ਚਰਾਮਿਅਹਮਾਦਿਤੀਆਰੁਤ ਵਿਸ਼ਵਦੇਵੈਹ। ਅਹਮ ਮਿਤਰਾਵਰੁਨਾਭਾ ਭਿਭਾਮਿਆਰਹਾਮੀਂਦਰਾਗਨੀ ਅਹਮਵਿਸ਼ਵਨੋਭਾ**

*ਮੈਂ ਰਾਸ਼ਟਰ ਦੀ ਸਭਾ ਹਰ ਗਿਆਨ ਦੇ ਖੇਤਰ ਦੀ ਜਾਣੂੰ ਹਾਂ। ਮੈਂ ਪਾਣੀ,ਹਵਾ, ਧਰਤੀ ਅਤੇ ਆਕਾਸ਼ ਤੇ ਆਪਣਾ ਹੁਕਮ ਚਲਾਉਂਦੀ ਹਾਂ।*

**ਅਹਮ ਸੋਮਾਹਾਨਸਮ ਬੀਭਾਮਿਆਰਹਮ ਤਵਸ਼ਤਾਰਮੁਤ ਪੂਸ਼ਾਨਮ ਭਾਗਮ। ਅਹਮ ਦਾਧਮੀ ਦਰਵੀਨਾਮ ਹਵੀਸ਼ਮਤੇ ਸੁਪਰਾਵਯੇ ਯਜਮਾਨਿਯਾ ਸੁਨਵੰਤੇ।।**

*ਮੇਰੇ ਕੋਲ ਦੁਸ਼ਮਣਾਂ ਨੂੰ ਖਤਮ ਕਰਨ ਦੀ ਕਾਬਲੀਅਤ ਹੈ। ਮੇਰੇ ਕੋਲ ਸਭ ਨੂੰ ਖ਼ੁਸ਼ਹਾਲ ਰੱਖਣ ਦੀ ਤਾਕਤ ਹੈ। ਮੈਂ ਦੌਲਤ ਇਕੱਠੀ ਕਰਕੇ ਸਭ ਨੂੰ ਖ਼ੁਸ਼ਹਾਲ ਜ਼ਿੰਦਗੀ ਜੀਣ ਲਈ ਦਿੰਦੀ ਹਾਂ।*

**ਅਹਮ ਰਾਸ਼ਟਰਿਮ ਸੰਗਾਮਨੀ ਵਸੁਨਾਮ ਚਿਕੀਤੁਸ਼ਿਮ ਪਰਥਮਾ ਯਗਿਆਨਾਮ। ਤਾ ਮਾ ਦੇਵਾ ਵਯਾਧੁ ਪੁਰੁਤਰਾ ਭੁਰਿਸਥਾਤਰਾਮ ਭਰਿਯਾਵੇਸ਼ੰਤਿਮ।।**

*ਮੈਂ ਰਾਸ਼ਟਰ ਦੇ ਸਾਰੇ ਮਾਮਲਿਆਂ ਬਾਰੇ ਸੋਚ ਵਿਚਾਰ ਕਰਦੀ ਹਾਂ। ਮੈਂ ਹੀ ਸਾਰੇ ਚੰਗੇ ਕੰਮ ਕਰਦੀ ਹਾਂ। ਮੇਰੇ ਕੋਲੇ ਸਾਰੀਆਂ ਸ਼ਕਤੀਆਂ ਹਨ ਅਤੇ ਮੇਰੇ ਕਈ ਸਭਾਸਦ ਹਨ।*

**ਅਹਮ ਰੁਦਰਯੇ ਧਨੁਰਾ ਤਨੋਮੀ ਬਰਹਮਦਵਿਸ਼ੇ ਸ਼ਰਵੇ ਹੰਤਵਾਉ। ਅਹਮ ਜਨਾਯੇ ਸਮਦਮ ਕਰੀਨੋਮਯਾਹਮ ਦਾਵਾ ਪਫੀਥਵਾਯਾ ਵਿਵੇਸ਼।।**

*ਮੈਂ ਆਪਣਾ ਧਨੁਸ਼ ਦੁਸ਼ਮਣਾਂ ਵੱਲ ਖਿੱਚਦੀ ਹਾਂ, ਮੈਂ ਗਿਆਨ ਦੇ ਦੁਸ਼ਮਣਾਂ ਨੂੰ ਖ਼ਤਮ ਕਰਦੀ ਹਾਂ। ਮੈਂ ਲੋਕਾਂ ਦੀ ਖੁਸ਼ਹਾਲੀ ਅਤੇ ਭਲੇ ਲਈ ਯੁੱਧ ਕਰਦੀ ਹਾਂ। ਮੇਰਾ ਘੇਰਾ ਜ਼ਮੀਨ ਅਤੇ ਆਸਮਾਨ ਵਿਚ ਹੈ।*

**ਅਹਮ ਸੂਵੇ ਪਿਤਰਮਸਯਾ ਮੁਰਧਾਨਮਮ ਯੋਨੀਰਅਪਸਵੰਤਹ ਸਮੂਦਰੇ। ਤਤੋਵੀ ਤਿਸ਼ਠੇ ਭੁਵਨਾਨੂ ਵਿਸ਼ਵੋਤਾਮੁਮ ਦਯਾਮ ਵਰਸ਼ਰਨੋਪ ਸਪਰੀਸ਼ਾਮੀ।।**

*ਮੈਂ ਹੀ ਰਾਜੇ ਨੂੰ ਜਨਮ ਦਿੰਦੀ ਹਾਂ ਅਤੇ ਰਾਸ਼ਟਰ ਦਾ ਆਗੂ ਬਣਾਉਂਦੀ ਹਾਂ। ਮੇਰਾ ਰਾਜ ਸਮੁੰਦਰਾਂ ਅਤੇ ਅਸਮਾਨਾਂ ਤੇ ਵੀ ਹੈ।*

ਮਹਾਂਭਾਰਤ ਅਤੇ ਹੋਰਨਾਂ ਗਰੰਥਾਂ ਵਿਚ ਵੀ ਪਰਜਾ ਨੂੰ ਹੀ ਸਰਬ-ਸ਼ਕਤੀਮਾਨ ਦੱਸਿਆ ਗਿਆ ਹੈ। ਇਹ ਭੀ ਕਿਹਾ ਗਿਆ ਹੈ ਕਿ ਜੇ ਰਾਜਾ ਪਰਜਾ ਦੇ ਕਹੇ ਮੁਤਾਬਿਕ ਨਹੀਂ ਚਲਦਾ ਤੇ ਆਪਣਾ ਰਾਜ ਧਰਮ ਨਹੀਂ ਪੂਰਾ ਕਰਦਾ ਤਾਂ ਪਰਜਾ ਦਾ ਇਹ ਫਰਜ਼ ਅਤੇ ਧਰਮ ਹੈ ਕਿ ਉਸ ਰਾਜੇ ਨੂੰ ਲਾਹ ਕੇ ਜਾਂ ਉਹਦਾ ਕਤਲ ਕਰਕੇ ਕਿਸੇ ਹੋਰ ਨੂੰ ਰਾਜਾ ਬਣਾ ਦੇਵੇ।

ਸਮਾਂ ਪਲਟਣ ਨਾਲ ਇਕ ਵਕਤ ਉਹ ਵੀ ਆਇਆ ਕਿ ਰਾਜ ਬ੍ਰਾਹਮਣਾਂ ਅਤੇ ਖੱਤਰੀਆਂ ਦੇ ਹੱਥ ਵਿਚ ਆ ਗਿਆ ਅਤੇ ਸਮਾਜ ਦੇ ਦੂਸਰੇ ਲੋਕਾਂ ਦੀ ਲੁੱਟ ਕਰਨ ਦਾ ਹਥਿਆਰ ਬਣ ਗਿਆ। ਇਕ ਸੁਭਾਸ਼ਤਮ ਇਹ ਗੱਲ ਇੰਜ ਦੱਸੀ ਗਈ ਹੈਃ

***ਰਾਜ ਦੁਆਰਮ ਭਗਦੁਆਰਮ। ਛਤਰਾਣੀ ਲਿੰਗਮ, ਅੰਡਕੋਸ਼ ਬ੍ਰਾਹਮਣ।।***

ਇਨ੍ਹਾਂ ਹਾਲਾਤ ਦੇ ਖ਼ਿਲਾਫ਼ ਲੋਕਾਂ ਨੇ ਬਗਾਵਤਾਂ ਕੀਤੀਆਂ ਤੇ ਹਾਲਾਤ ਦੇ ਮੁਤਾਬਿਕ ਪੰਜਾਬੀ ਸਿਆਸੀ ਸਿਧਾਂਤ ਨੂੰ ਪ੍ਰਫੁੱਲਤ ਕੀਤਾ। ਪੰਜਾਬ ਅਤੇ ਹਿੰਦੁਸਤਾਨ ਉੱਤੇ ਹਮਲਾਵਰ ਅਫ਼ਗਾਨਾਂ, ਮੁਗ਼ਲਾਂ, ਅਤੇ ਹੋਰਨਾਂ ਦੇ ਕਬਜ਼ੇ ਅਤੇ ਪਰਜਾ ਦੀ ਲੁੱਟ ਖ਼ਿਲਾਫ਼ ਅਤੇ ਬ੍ਰਾਹਮਣਵਾਦ ਅਤੇ ਮੁਲਾਂਸ਼ਾਹੀ ਖ਼ਿਲਾਫ਼ ਲੋਕਾਂ ਨੇ ਬਗਾਵਤਾਂ ਕੀਤੀਆਂ। ਕਈ ਗਿਆਨੀ, ਸੰਤ, ਫਕੀਰ ਅਤੇ ਗੁਰੂ ਇਸ ਬਗਾਵਤ ਦੀ ਆਵਾਜ਼ ਬਣ ਗਏ ਤੇ ਇਹ ਸੋਚ ਪੁਖਤਾ ਹੋਈ ਕਿਃ-

**ਰਾਜੇ ਸ਼ੀਂਹ ਮੁਕੱਦਮ ਕੁੱਤੇ, ਜਾਏ ਜਗਾਵਣ ਬੈਠੇ ਸੁੱਤੇ। (ਨਾਨਕ)**
**ਕਹੇ ਹੁਸੈਨ ਫਕੀਰ ਸਾਂਈਂ ਦਾ ਤਖਤ ਨਾ ਮਿਲਦੇ ਮੰਗੇ। (ਸ਼ਾਹ ਹੁਸੈਨ)**
**ਜਿੰਦ ਦੇਸਾਂ ਪੰਜਾਬ ਨਾਂ ਦੇਸਾਂ (ਦੁੱਲਾ ਭੱਟੀ)**
**ਕੋਈ ਕਿਸੀ ਕੋ ਰਾਜ ਨਾਂ ਦੇ ਹੈ। ਜੋ ਲੈ ਹੈ ਨਿਜ ਬਲ ਸੇ ਲੈ ਹੈ। (ਗੋਬਿੰਦ ਸਿੰਘ)**

**ਅਤੇ**

**ਚੂੰਕਾਰ ਅਜ਼ ਹਮਾ ਹੀਲਤੇ ਗਰ ਗੁਜ਼ਸ਼ਤ, ਹਲਾਲ ਅਸਤ ਬੁਰਦਨ ਵਾ ਸ਼ਮਸ਼ੀਰ ਦਸਤ**

ਪੰਜਾਬ ਅਤੇ ਹਿੰਦੁਸਤਾਨ ਉੱਤੇ ਅੰਗਰੇਜ਼ਾਂ ਦੇ ਕਬਜ਼ੇ ਦੇ ਬਾਦ ਪੰਜਾਬੀਆਂ ਨੇ ਉਨ੍ਹਾਂ ਖ਼ਿਲਾਫ਼ ਲੋਹਾ ਲਿਆ ਅਤੇ ਆਪਣੇ ਸਿਆਸੀ ਸਿਧਾਂਤ ਨੂੰ ਅੱਗੇ ਵਧਾਇਆ। ਬਾਬਾ ਰਾਮ ਸਿੰਘ, ਅਹਿਮਦ ਖ਼ਾਨ ਖਰਲ ਅਤੇ ਹੋਰਨਾਂ ਨੇ ਲੋਕਾਂ ਨੂੰ ਅੰਗਰੇਜ਼ ਖ਼ਿਲਾਫ਼ ਲਾਮਬੰਦ ਕੀਤਾ। ਗਦਰੀ ਬਾਬਿਆਂ ਅਤੇ ਭਗਤ ਸਿੰਘ ਹੁਰਾਂ ਨੇ ਆਜ਼ਾਦੀ ਦੀ ਜੰਗ ਵਿਚ ਇਸ ਸਿਆਸੀ ਸਿਧਾਂਤ ਨੂੰ ਹੋਰ ਅੱਗੇ ਵਧਾਇਆ।

੧੦ ਮਾਰਚ ੧੯੧੪ ਦੀ ਗਦਰ ਦੀ ਗੂੰਜ ਕਹਿੰਦੀ ਹੈਃ

**ਜੋ ਚਾਹੋਂ ਬਣਨਾ ਵਿਦਵਾਨ।**
**ਸੁਖ ਮੇਂ ਮੌਜ ਕਰੇ ਸੰਤਾਨ।**
**ਜੋ ਚਾਹੋਂ ਜੱਗ ਰਹੇ ਨਸ਼ਾਨ।**
**ਜੋ ਚਾਹੋਂ ਆਪਣੀ ਭਲਿਆਈ**
**ਜਲਦੀ ਗਦਰ ਮਚਾ ਦਿਉ ਭਾਈ।।**

ਅਤੇ

**ਕਦੇ ਮੰਗਿਆਂ ਮਿਲਣ ਅਜ਼ਾਦੀਆਂ ਨਾ**
**ਹੁੰਦੇ ਤਰਲਿਆਂ ਨਾਲ ਨਾ ਰਾਜ ਲੋਕੋ**

ਭਗਤ ਸਿੰਘ ਹੋਰਾਂ ਦੇ ਸਿਆਸੀ ਨਜ਼ਰੀਏ ਦਾ ਨਿਚੋੜ ਉਹਦੇ ਕਚਹਿਰੀ ਵਿਚ ਦਿੱਤੇ ਹੋਏ ਬਿਆਨਾਂ ਤੋਂ ਮਿਲਦਾ ਹੈਃ-

"ਅਸੀਂ ਇਹ ਗੱਲ ਡੰਕੇ ਦੀ ਚੋਟ ਤੇ ਕਹਿੰਦੇ ਹਾਂ ਕਿ ਆਜ਼ਾਦੀ ਦੀ ਜੰਗ ਉਸ ਸਮੇਂ ਤਾਈ ਜਾਰੀ ਰਹੇਗੀ ਜਦੋਂ ਤਾਈ ਹਿੰਦੁਸਤਾਨ ਦੇ ਲੋਕਾਂ ਦੀ ਮੇਹਨਤ ਅਤੇ ਹਿੰਦੁਸਤਾਨ ਦੇ ਕੁਦਰਤੀ ਸਾਧਨਾਂ ਦੀ ਲੁੱਟ ਥੋੜੇ ਜਿਹੇ ਲਹੂ ਪੀਣੇ ਲੋਟੂ ਬੰਦ ਨਹੀਂ ਕਰਦੇ। ਇਹ ਲੋਟੂ ਭਾਵੇਂ ਅੰਗਰੇਜ਼ ਸਰਮਾਏਦਾਰ ਹੋਣ ਜਾਂ ਅੰਗਰੇਜ਼ ਅਤੇ ਹਿੰਦੁਸਤਾਨੀ ਸਰਮਾਏਦਾਰ ਆਪਸ ਵਿਚ ਮਿਲੇ ਹੋਣ ਜਾਂ ਸਿਰਫ਼ ਹਿੰਦੁਸਤਾਨੀ ਸਰਮਾਏਦਾਰ ਹੀ ਕਿਉਂ ਨਾ ਹੋਣ। ਅਸੀਂ ਲੜਦੇ ਹੀ ਰਹਾਂਗੇ।"

"ਇਹ ਜੰਗ ਹਾਲਾਤ ਦੇ ਮੁਤਾਬਿਕ ਵੱਖਰੀ ਸ਼ਕਲ ਲੈਂਦੀ ਰਹੇਗੀ। ਕਦੇ ਇਹ ਖੁਲ੍ਹੇ ਤੌਰ ਤੇ ਹੋਵੇਗੀ ਤੇ ਕਦੇ ਗੁਪਤ ਹੋਵੇਗੀ। ਕਦੇ ਇਹ ਹਲਚਲ ਦਾ ਰੂਪ ਲਵੇਗੀ ਤੇ ਕਦੇ ਇਹ ਜ਼ਿੰਦਗੀ ਅਤੇ ਮੌਤ ਦੀ ਲੜਾਈ ਹੋਵੇਗੀ। ਸਾਡੀ ਲੜਾਈ ਤਦ ਤੱਕ ਜਾਰੀ ਰਹੇਗੀ ਜਦ ਤੱਕ ਹਿੰਦੁਸਤਾਨ ਵਿਚ ਇਕ ਸੋਸ਼ਲਿਸਟ ਰਾਜ ਨਹੀਂ ਕਾਇਮ ਹੋ ਜਾਂਦਾ ਅਤੇ ਮੌਜੂਦਾ ਸਮਾਜੀ ਢਾਂਚੇ ਅਤੇ ਨਿਜ਼ਾਮ ਦਾ ਕਾਇਆ ਕਲਪ ਕਰਕੇ ਇਕ ਨਵਾਂ ਸਮਾਜ ਨਹੀਂ ਉਸਾਰਿਆ ਜਾਂਦਾ ਜਿਸ ਵਿਚ ਕਿਸੇ ਦੀ ਵੀ ਲੁਟ ਨਹੀਂ ਹੋਵੇਗੀ ਅਤੇ ਇਨਸਾਨ ਅਤੇ ਮਨੁੱਖਤਾ ਅਮਨ ਅਤੇ ਸ਼ਾਂਤੀ ਨਾਲ ਰਹਿਣਗੇ।"

"ਇਨਕਲਾਬ ਤੋਂ ਸਾਡਾ ਮਤਲਬ ਇਕ ਇਹੋ ਜਿਹਾ ਸਮਾਜ ਬਨਾਉਣਾ ਹੈ ਜਿਸ ਵਿਚ ਮਜ਼ਦੂਰ ਜਮਾਤ ਸਰਬ-ਸ਼ਕਤੀਮਾਨ ਹੋਵੇਗੀ ਅਤੇ ਇਕ ਆਲਮੀ ਫੈਡਰੇਸ਼ਨ ਦੁਨੀਆ ਭਰ ਦੇ ਲੋਕਾਂ ਨੂੰ ਸਰਮਾਏਦਾਰੀ ਦੀ ਗੁਲਾਮੀ ਅਤੇ ਸਾਮਰਾਜੀ ਜੰਗਾਂ ਤੋਂ ਛੁੜਾਵੇਗੀ। ਇਹ ਸਾਡਾ ਟੀਚਾ, ਸਿਧਾਂਤ ਅਤੇ ਪਰੇਰਨਾ ਹੈ। ਅਸੀਂ ਇਕ ਸੱਚਾ ਅਤੇ ਇਨਸਾਫ਼ਪਸੰਦ ਹੋਕਾ ਦਿੱਤਾ ਹੈ। ਜੇ ਸਾਡੀ ਇਸ ਚੇਤਾਵਨੀ ਵੱਲ ਧਿਆਨ ਨਾ ਦਿੱਤਾ ਗਿਆ ਤੇ ਮੌਜੂਦਾ ਪ੍ਰਣਾਲੀ ਅਤੇ ਸਰਕਾਰ ਲੋਕਾਂ ਦੇ ਰਾਹ ਦੀ ਰੁਕਾਵਟ ਬਣਦੇ ਰਹੇ ਤਾਂ ਉਹੋ ਤਾਕਤਾਂ ਜਿਹੜੀਆਂ ਕੁਦਰਤੀ ਤੌਰ ਤੇ ਇਸ ਬੰਦੋਬਸਤ ਨੂੰ ਖ਼ਤਮ ਕਰਨ ਲਈ ਇਸ ਦੀ ਕੁੱਖ ਵਿਚ ਪਲ ਰਹੀਆਂ ਹਨ ਇਕ ਦਿਨ ਜ਼ਬਰਦਸਤੀ ਇਸ ਪ੍ਰਣਾਲੀ ਅਤੇ ਨਿਜ਼ਾਮ ਦਾ ਤਖ਼ਤਾ ਪਲਟ ਦੇਣਗੀਆਂ ਅਤੇ ਮਜ਼ਦੂਰ ਜਮਾਤ ਦਾ ਰਾਜ ਕਾਇਮ ਕਰਕੇ ਇਨਕਲਾਬ ਦੇ ਨਿਸ਼ਾਨਿਆਂ ਨੂੰ ਪੂਰਾ ਕਰਨਗੀਆਂ। ਇਨਕਲਾਬ ਸਾਡਾ ਜੱਦੀ ਹੱਕ ਹੈ। ਕਿਰਤ ਹੀ ਸਮਾਜ ਦੀ ਬੁਨਿਆਦ ਹੈ। ਲੋਕਾਂ ਦੀ ਪ੍ਰਭੁਸੱਤਾ ਹੀ ਮਜ਼ਦੂਰਾਂ ਦੀ ਮੰਜ਼ਿਲ ਹੈ।"

## ੧੦ਃ ਕਲਾ ਦਾ ਸਿਧਾਂਤ

ਕਲਾ ਸਮਾਜ ਲਈ ਬਹੁਤ ਹੀ ਜ਼ਰੂਰੀ ਹੈ। ਭਰਤ ਮੁਨੀ ਨਾਟਿਯਾਸ਼ਾਸਤਰ ਚ` ਕਹਿੰਦੇ ਹਨਃ

**ਤਸਮਾਤ ਸਰੀਜਾਪਰਮ ਵੇਦਮ ਪੰਚਮਮ ਸਾਰਵਵਰਨੀਕਮ।।**

ਪੰਜਵੇਂ ਵੇਦ ਨਾਟਯਾਵੇਦ ਦੀ ਰਚਨਾ ਸਾਰੇ ਹੀ ਲੋਕਾਂ ਲਈ ਕੀਤੀ ਗਈ।

**ਧਰਮਯਮਅਰਥਯਮਮ ਯਸਯਾਚ ਸੋਪਦੇਸਿਅਮ ਸਸੰਗਰਹਮ।ਭਵਿਸ਼ਅਤਸ਼ਚ ਲੋਕਸਯਾ ਸਰਵਕਰਮਾਨੂਦਰਸ਼ਕਮ।।**

ਇਹ ਨਾਟਯਾਵੇਦ ਧਰਮ, ਅਰਥ, ਯਸ਼, ਉਪਦੇਸ਼ ਲਈ ਇਕੱਠਾ ਕੀਤਾ ਗਿਆ ਹੈ ਜਿਸ ਨਾਲ ਹੁਣ ਅਤੇ ਭਵਿਖ ਵਿਚ ਲੋਕਾਂ ਦੇ ਸਭ ਕੰਮਾਂ ਵਿਚ ਉਨ੍ਹਾਂ ਦਾ ਰਾਹ ਰੋਸ਼ਨ ਹੋ ਸਕੇ।

ਇਕ ਵਕਤ ਵਿਚ ਇਹ ਸੰਕਲਪ ਵੀ ਹੋਂਦ ਵਿਚ ਆਇਆ ਕਿ ਸਾਰੀ ਕਲਾ, ਸਹਿਤ ਅਤੇ ਸ਼ਿਲਪ ਸਤਿਅਮ, ਸ਼ਿਵਮ ਅਤੇ ਸੁੰਦਰਮ ਦੇ ਆਧਾਰ ਤੇ ਹੋਣੇ ਚਾਹੀਦੇ ਹਨ। ਜਿਸ ਨਾਲ ਲੋਕਾਂ ਦਾ ਰਾਹ ਵੀ ਰੋਸ਼ਨ ਹੋ ਸਕੇ ਅਤੇ ਉਨ੍ਹਾਂ ਦਾ ਮਨੋਰੰਜਨ ਵੀ ਹੋ ਸਕੇ।

ਸਤਿਅਮ ਦਾ ਮਤਲਬ ਹਾਲਾਤ ਅਤੇ ਦੁਨੀਆ, ਸ਼ਿਵਮ ਦਾ ਮਤਲਬ ਜਿਸ ਚੀਜ਼ ਨਾਲ ਲੋਕਾਂ ਦਾ ਭਲਾ ਹੋਵੇ ਅਤੇ ਸੁੰਦਰਮ ਦਾ ਮਤਲਬ ਹੈ ਕਿ ਇਹ ਸਭ ਚੀਜ਼ ਖੂਬਸੂਰਤੀ ਅਤੇ ਸੁਹਜ ਨਾਲ ਦਰਸਾਈ ਜਾਵੇ। ਪਿੰਗਲ ਨੇ ਅਤੇ ਹੋਰਾਂ ਨੇ ਕਾਵਿ ਕਲਾ ਬਾਰੇ ਅਤੇ ਕਲਾ ਦੇ ਹੋਰ ਮਜ਼ਮੂਨਾਂ ਬਾਰੇ ਇਨ੍ਹਾਂ ਸਿਧਾਂਤਾਂ ਨੂੰ ਵਿਕਸਿਤ ਕੀਤਾ।

ਇਹ ਖਿਆਲ ਵੀ ਵਿਕਸਿਤ ਹੋਇਆ ਕਿ ਮਨੁੱਖ ਦੇ ਦੋ ਤਰਾਂ ਦੇ ਭਾਵ ਹੁੰਦੇ ਹਨਃ

ਸਥਾਈ ਅਤੇ ਸੰਚਾਰੀ

ਸਥਾਈ ਭਾਵ ਨੌਂ ਤਰਾਂ ਦੇ ਹਨ ਅਤੇ ਇਨ੍ਹਾਂ ਭਾਵਾਂ ਨਾਲ ਨੌਂ ਰਸ ਵੀ ਮਿਲਦੇ ਹਨ।ਰਤੀ, ਪ੍ਰੇਮ, ਸ਼ੋਕ, ਕਰੋਧ, ਉਤਸ਼ਾਹ, ਡਰ, ਘਿਰਣਾ, ਹੈਰਾਨੀ, ਉਪਰਾਮ। ਇਨ੍ਹਾਂ ਭਾਵਾਂ ਨਾਲ ਸ਼ਿੰਗਾਰ ਰਸ, ਹਾਸ ਰਸ,ਕ ਰੁਣਾ ਰਸ, ਰੁਦਨ ਰਸ, ਬੀਰ ਰਸ, ਭਿਆਨਕ ਰਸ, ਵੀਭਤਸ ਰਸ, ਅਦਭੁਤ ਰਸ ਅਤੇ ਸ਼ਾਂਤ ਰਸ ਜੁੜੇ ਹਨ।

ਸੰਚਾਰੀ ਭਾਵ ਤੇਤੀ ਤਰਾਂ ਦੇ ਦੱਸੇ ਗਏ ਹਨ ਅਤੇ ਇਹ ਕਿਸੇ ਵੀ ਰਸ ਨਾਲ ਜੁੜੇ ਨਹੀਂ ਹੋਏ। ਸਾਰੀ ਕਲਾ ਇਨ੍ਹਾਂ ਭਾਵਾਂ ਅਤੇ ਜਜ਼ਬਾਤਾਂ ਨੂੰ ਹਲੂਣ ਕੇ ਬੰਦੇ ਨੂੰ ਅਕਲ ਵੀ ਦਿੰਦੀ ਹੈ ਅਤੇ ਉਹਦਾ ਮਨੋਰੰਜਨ ਵੀ ਕਰਦੀ ਹੈ।

**ਭਿਰਗੁ ਰਿਸ਼ੀ** ਆਪਣੇ **ਕ੍ਰਿਸ਼ੀ ਸ਼ਾਸਤਰ** ਵਿਚ ਕਿਸਾਨ ਨੂੰ ਸਾਰਿਆਂ ਨਾਲੋਂ ਵੱਡਾ ਕਲਾਕਾਰ ਦੱਸਦੇ ਹਨ ਕਿਉਂਕਿ ਉਹ ਅੰਨ ਪੈਦਾ ਕਰਕੇ ਸਭ ਨੂੰ ਪਾਲਦਾ ਹੈ। ਸਾਡੇ ਦੌਰ ਵਿਚ ਅਹਿਮਦ ਨਦੀਮ ਕਾਸਮੀ ਨੇ ਭੀ ਆਪਣੇ ਇਕ ਸ਼ੇਅਰ ਵਿਚ ਇਹ ਜਜ਼ਬਾਤ ਦਰਸਾਏ ਸੀਃ

**ਸੁਬਹ ਕੇ ਨੂਰ ਮੇ ਭੀਗੇ ਹੁਏ ਖੇਤੋਂ ਮੇ ਕਿਸਾਨ**
**ਹਲ ਚਲਾਤੇ ਹੈਂ ਤੋ ਫ਼ਨਕਾਰ ਨਜ਼ਰ ਆਤੇ ਹੈਂ**

ਫ਼ਰੀਦ, ਨਾਨਕ, ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ, ਵਾਰਿਸ ਸ਼ਾਹ ਅਤੇ ਹੋਰਨਾਂ ਗੁਰੂਆਂ, ਪੀਰਾਂ, ਸਾਹਿਤਕਾਰਾਂ ਅਤੇ ਕਲਾਕਾਰਾਂ ਨੇ ਆਪਣੀ ਕਲਾ ਅਤੇ ਕਿਰਤਾਂ ਲੋਕਾਂ ਨੂੰ ਰਾਹ ਦਿਖਾਉਣ ਲਈ ਰਚੀਆਂ।

ਵਾਰਿਸ ਸ਼ਾਹ ਹੋਰੀਂ ਕਹਿੰਦੇ ਹਨ:

**ਅੱਗੇ ਹੀਰ ਨਾਂ ਕਿਸੇ ਨੇ ਕਹੀ ਐਸੀ ਸ਼ੇਅਰ ਬਹੁਤ ਮਰਗ਼ੂਬ ਬਣਾਇਆ ਈ।**
**ਵਾਰਿਸ ਸ਼ਾਹ ਲੋਕਾਂ ਕਮਲਿਆ ਨੂੰ ਕਿੱਸਾ ਜੋੜ ਹੁਸ਼ਿਆਰ ਬਣਾਇਆ ਈ।।**

ਅਤੇ ਬੁੱਲ੍ਹੇ ਸ਼ਾਹ ਦੀ ਕਿਰਤ ਬਾਰੇ ਮੀਆਂ ਮੁਹੰਮਦ ਬਖਸ਼ ਆਂਹਦੇ ਨੇ:

**ਬੁੱਲ੍ਹੇ ਸ਼ਾਹ ਦੀ ਕਾਫ਼ੀ ਸੁਣਕੇ ਟੁੱਟਦਾ ਕੁਫ਼ਰ ਅੰਦਰ ਦਾ**

## ੧੧: ਬੋਲੀ ਅਤੇ ਜ਼ਬਾਨ

ਪੰਜਾਬੀ ਦਰਸ਼ਨ ਮੁਤਾਬਿਕ ਬੋਲੀ ਇਨਸਾਨ ਦੇ ਵਿਕਾਸ ਲਈ ਬੜੀ ਅਹਿਮ ਹੁੰਦੀ ਹੈ ਅਤੇ ਇਹਨੇ ਇਨਸਾਨ ਦੇ ਵਿਕਾਸ ਵਿਚ ਇਕ ਬਹੁਤ ਹਿੱਸਾ ਪਾਇਆ ਹੈ। ਬੋਲੀ ਸੂਝ, ਸੋਚ ਅਤੇ ਖਿਆਲ ਦਾ ਲਿਬਾਸ ਅਤੇ ਜਾਮਾ ਹੈ ਅਤੇ ਇਸਦਾ ਖੇਤਰ ਬਹੁਤ ਹੀ ਵਿਸ਼ਾਲ ਹੈ। ਰਿਗਵੇਦ ਵਿਚ ਕਿਹਾ ਹੈ ਕਿ:

**ਯਾਵਦ ਬ੍ਰਹਮ ਵਿਸ਼ਿਠਤਮ ਤਾਵਤੀ ਵਾਕ**

ਜਿੰਨਾਂ ਪਸਾਰਾ ਬ੍ਰਹਮ ਜਾਂ ਅਸਮਾਨ ਦਾ ਹੈ ਉੱਨਾਂ ਹੀ ਪਸਾਰਾ ਬੋਲੀ ਦਾ ਹੈ।

ਰਿਗਵੇਦ ਵਿਚ ਹੀ ਇਕ ਹੋਰ ਥਾਂ ਕਿਹਾ ਗਿਆ ਹੈ :

**ਬ੍ਰਹਸਪਤ ਪਰਥਮਮ ਵਾਚੋ ਅਗਰਮ ਨਾਮਧੇਅਮ ਦਧਾਨਾਮ**

ਮਨੁੱਖ ਨਾਲ ਬੋਲੀ ਜੁਗਾਂ ਜੁਗਾਂਤਰਾਂ ਤੋਂ ਹੈ ਇਸਦੇ ਨਾਲ ਹੀ ਉਸਨੇ ਵੱਖ ਵੱਖ ਚੀਜ਼ਾਂ ਦੇ ਨਾਂ ਰੱਖ ਕੇ ਗਿਆਨ ਹਾਸਿਲ ਕੀਤਾ ਹੈ।

ਰਿਗਵੇਦ ਦੇ ਹੀ ਇਕ ਹੋਰ ਸੂਕਤ ਵਿਚ ਕਿਹਾ ਗਿਆ ਹੈ ਕਿ ਜਿਸ ਤਰਾਂ ਛਾਨਣੀ ਨਾਲ ਸੱਤੂ ਛਾਣੇ ਜਾਂਦੇ ਹਨ ਉਸੇ ਹੀ ਤਰਾਂ ਬੋਲੀ ਖਿਆਲਾਂ ਨੂੰ ਛਾਣਦੀ ਹੈ। ਇਹ ਵੀ ਕਿਹਾ ਗਿਆ ਹੈ ਕਿ ਬੋਲੀ ਗਿਆਨ ਦਾ ਦਰਵਾਜ਼ਾ ਖੋਲ੍ਹਦੀ ਹੈ। ਬਰਹਦਅਰਣਾਯਕ ਉਪਨਿਸ਼ਦ ਵਿਚ ਬੋਲੀ ਨੂੰ ਹੀ ਬ੍ਰਹਮ ਕਿਹਾ ਗਿਆ ਹੈ। ਬੋਲੀ ਦੇ ਗਿਆਨ ਨੂੰ ਸਿਖਿਆ, ਵਿਆਕਰਣ, ਛੰਦ ਅਤੇ ਨਿਰੁਕਤ ਆਦਿ ਹਿੱਸਿਆਂ ਵਿਚ ਵੰਡਿਆ ਗਿਆ ਹੈ। ਪਾਣਿਨੀ, ਪਤੰਜਲੀ, ਯਾਸਕ ਅਤੇ ਭਰਥਰੀ ਹੋਰਾਂ ਨੇ ਵੀ ਬੋਲੀ ਨੂੰ ਗਿਆਨ, ਸੋਚ ਅਤੇ ਸਮਝ ਦੇ ਵਿਕਾਸ ਲਈ ਬਹੁਤ ਅਹਿਮੀਅਤ ਦਿੱਤੀ ਹੈ।

ਬਾਬਾ ਨਾਨਕ ਕਹਿੰਦੇ ਹਨ:

**ਅਖਰ ਮਹਿ ਤਿਰਭਵਨ ਧਾਰੇ। ਅਖਰ ਮੁਕਤਿ ਜਗਤਿ ਤੇ ਭਰਮਾ।।**
**ਅਖਰ ਕਰਮ ਕਿਰਤਿ ਸੁਚ ਧਰਮਾ। ਅਖਰ ਨਾਦ ਕਥਨ ਵਖਾਵਨਾ।।**
**ਅੱਖਰ ਸ਼ਾਸਤਰ ਸਿਮਰਤਿ ਪੁਰਾਨਾ। ਦਿਰਸ਼ਟਮਾਨ ਅਖਰ ਹੈ ਜੇਤਾ ।।**

ਪੰਜਾਬੀ ਦੇ ਇਕ ਵੱਡੇ ਅਦੀਬ ਮੌਲਾਬਖ਼ਸ਼ ਕੁਸ਼ਤਾ ਲਿਖਦੇ ਹਨ:

**ਹੋਵੇ ਜੱਗ ਵਿਚ ਉਹਦਾ ਵਕਾਰ ਕੁਸ਼ਤਾ, ਬੋਲੀ ਆਪਣੀ ਨਾਲ ਜੋ ਪਿਆਰ ਰੱਖੇ।**

ਅਸੀਂ ਪੰਜਾਬੀ ਦਰਸ਼ਨ ਦੇ ਕੁਝ ਮੁਢਲੇ ਸਿਧਾਂਤਾਂ ਦੀ ਚਰਚਾ ਇਸ ਆਸ ਨਾਲ ਕੀਤੀ ਹੈ ਕਿ ਪੰਜਾਬੀ ਦੇ ਵਿਦਵਾਨ ਅਤੇ ਦਾਨਿਸ਼ਵਰ ਪੰਜਾਬੀ ਦਰਸ਼ਨ ਬਾਰੇ ਹੋਰ ਚਾਨਣਾ ਪਾਉਣਗੇ। ਇਹ ਸਿਰਫ਼ ਇਸ ਬਾਰੇ ਇਕ ਸ਼ੁਰੂਆਤ ਹੀ ਹੈ। ਸਾਡਾ ਇਹ ਉਪਰਾਲਾ ਸਿਰਫ਼ ਏਨਾ ਕੁ ਹੀ ਦੱਸਦਾ ਹੈ ਕਿ ਪੰਜਾਬੀ ਦਰਸ਼ਨ ਬਾਰੇ ਸਾਨੂੰ ਬਹੁਤਾ ਕੁਝ ਪਤਾ ਨਹੀਂ ਹੈ ਅਤੇ ਇਸ ਵਿਸ਼ੇ ਤੇ ਹੋਰ ਬਹੁਤ ਹੀ ਜ਼ਿਆਦਾ ਕੰਮ ਕਰਨ ਦੀ ਲੋੜ ਹੈ। ਅਸੀਂ ਪੰਜਾਬੀ ਇਸ ਪੱਖੋਂ ਹਾਲੇ ਕਾਫ਼ੀ ਹਨੇਰੇ ਵਿਚ ਹਾਂ। ਅੱਜ ਹਾਲ ਇਹ ਹੈ ਕਿ ਪੰਜਾਬੀ ਦਰਸ਼ਨ ਦੀ ਹੋਂਦ ਨੂੰ ਵੀ ਮੰਨਿਆ ਨਹੀਂ ਜਾਂਦਾ। ਪੰਜਾਬ ਦੇ ਕਿਸੇ ਵੀ ਅਦਾਰੇ ਵਿਚ ਪੰਜਾਬੀ ਦਰਸ਼ਨ ਤੇਂ ਸੋਧ ਨਹੀਂ ਲਈ ਜਾਂਦੀ। ਪੰਜਾਬ ਦੀ ਕਿਸੇ ਵੀ ਯੂਨੀਵਰਸਿਟੀ ਵਿਚ ਪੰਜਾਬੀ ਦਰਸ਼ਨ ਇਕ ਵਿਸ਼ੇ ਦੇ ਤੌਰ ਤੇ ਨਹੀਂ ਪੜ੍ਹਾਇਆ ਜਾਂਦਾ। ਪੰਜਾਬੀ ਦਰਸ਼ਨ ਬ੍ਰਾਹਮਣਵਾਦ ਅਤੇ ਯੂਰੋਪੀਅਨ ਨਜ਼ਰੀਏ ਦੀ ਜਕੜ ਵਿਚ ਹੈ। ਅਸੀਂ ਸਾਰੇ ਹੀ ਵਿਦਵਾਨਾਂ

ਅਤੇ ਦਾਨਿਸ਼ਵਰਾਂ ਨੂੰ ਅਪੀਲ ਕਰਦੇ ਹਾਂ ਅਤੇ ਆਸ ਵੀ ਰੱਖਦੇ ਹਾਂ ਕਿ ਪੰਜਾਬੀ ਦਰਸ਼ਨ ਬਾਰੇ ਖੋਜ ਕਰਨ ਅਤੇ ਇਹਨੂੰ ਪ੍ਫੁਲਤ ਕਰਨ ਵਿਚ ਉਹ ਵੱਧ ਚੜ੍ਹ ਕੇ ਹਿੱਸਾ ਪਾਉਣਗੇ।ਪੰਜਾਬੀ ਕੌਮ ਦੀ ਪ੍ਫੁੱਲਤਾ ਲਈ ਪੰਜਾਬੀ ਦਰਸ਼ਨ ਨੂੰ ਸਮੇਂ ਦਾ ਹਾਣੀ ਬਣਾਉਣਾਂ ਬਹੁਤ ਹੀ ਜ਼ਰੂਰੀ ਹੈ।